





300

1999 ਖ਼ਾਲਸਾ ਸਾਜਨਾ ਤੀਸਰੀ ਸ਼ਤਾਬਦੀ

# ਅੰਮ੍ਰਿਤ ਕੀਰਤਨ

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਅਪ੍ਰੈਲ 1999 ਮੁੱਲ : 10 ਰੁਪਏ

ਕਹਾਂਗੇ। ਪਰ ਪੁਰਾਤਨ ਸਮੇਂ ਕੇਵਲ ਇਤਨਾ ਕੁ ਆਖਦੇ ਸੀ ਕਿ ਇਹ ਖੜਜ ਗ੍ਰਾਮ ਦੀ ਪਹਿਲੀ ਮੂਰਛਨਾਂ ਦਾ ਰਾਗ ਹੈ। ਭਾਵ ਇਸ ਰਾਗ ਵਿਚ ਸੱਤੇ ਸੁਰ ਸ਼ੁੱਧ ਲਗਦੇ ਹਨ। ਇਸੇ ਪ੍ਰਕਾਰ ਜਦੋਂ ਦੂਜੀ ਮੂਰਛਨਾਂ 'ਅਭਿਰੁਦਗਤੀ' ਰਿਖਭ ਸੁਰ ਨੂੰ ਖੜਜ ਮੰਨ ਕੇ "ਸਾ ਰੇ ਗਾ ਮਾ ਪਾ ਧੀ ਨੀ" ਆਰੋਹ ਕਰਾਂਗੇ ਤਾਂ ਇਸ ਦੇ 'ਨਿ ਤੇ ਗਾ' ਦੋ ਸੁਰ ਕੋਮਲ ਹੋ ਜਾਣ ਨਾਲ ਇਹ ਕਾਫੀ ਠਾਟ ਬਣ ਜਾਏਗਾ। ਇੰਜ ਇਹ ਖੜਜ ਗ੍ਰਾਮ ਦੀ ਦੂਜੀ ਮੂਰਛਨਾਂ ਦਾ ਰਾਗ (ਠਾਟ) ਹੋਇਆ। ਇਸੇ ਤਰ੍ਹਾਂ ਗੰਧਾਰ ਤੋਂ ਭੈਰਵੀ, ਮੱਧਮ ਤੋਂ ਕਲਿਆਣ ਠਾਟ ਉਤਪੰਨ ਹੋਵੇਗਾ। ਵੇਖੋ ਚਿਤ੍ਰ :-

ਸ ਰ ਗ ਮ ਪ ਧ ਨ ਸ - ਪਹਿਲੀ ਮੂਰਛਨਾਂ ਤੋਂ ਬਿਲਾਵਲ ਠਾਟ।

x ਸ ਰ ਗੁ ਮ ਪ ਧ ਨੁ ਸ - ਦੂਜੀ ਮੂਰਛਨਾਂ ਤੋਂ ਕਾਫੀ ਠਾਟ।

x ਸ ਰੁ ਗੁ ਮ ਪ ਧੁ ਨੁ ਸ - ਤੀਜੀ ਮੂ: ਤੋਂ ਭੈਰਵੀ ਠਾਟ।

x ਸ ਰ ਗ ਮ ਪ ਧ ਨ ਸ - ਚੌਥੀ ਮੂ: ਤੋਂ ਕਲਿਆਣ ਠਾਟ।

ਇੰਝ ਖੜਜ ਗ੍ਰਾਮ ਦੀਆਂ ਸੱਤ ਮੂਰਛਨਾਂ ਤੋਂ ਭਿੰਨ-ਭਿੰਨ ਠਾਟ ਤੇ ਰਾਗ ਉਤਪੰਨ ਕੀਤੇ ਜਾਂਦੇ ਸਨ। ਬਾਕੀ ਸੁਰ-ਸਰਗਮ ਪ੍ਰਸਤਾਰ ਦਾ ਭਾਵ ਕੇਵਲ ਰਾਗ ਦਾ ਸੁਰ-ਵਿਸਥਾਰ (ਅਲਾਪ) ਭਿੰਨ-ਭਿੰਨ ਅਲੰਕਾਰਾਂ ਦੁਆਰਾ ਮੰਦ੍ਰ, ਮੱਧਯ ਤੇ ਤਾਰ ਸਪਤਕ ਤਰ ਆਉਂਦੇ ਹੋਏ ਰਾਗ ਦੇ ਸਰੂਪ ਨੂੰ ਪ੍ਰਗਟ ਕਰ ਵਿਖਾਉਣ ਨੂੰ ਆਖਦੇ ਹਨ।

**ਪ੍ਰਸ਼ਨ: - ਗ੍ਰਹਿ, ਅੰਸ਼, ਨਿਯਾਸ, ਅਪਨਿਯਾਸ ਮੂਰਛਨਾਂ ਆਦਿ ਅਤੇ ਸੁਰ- ਸਰਗਮ ਪ੍ਰਸਤਾਰ ਦਾ ਸੰਬੰਧ ਰਾਗ ਨਾਲ ਤਾਂ ਹੈ ਰਿ ਕੀ ਇਨ੍ਹਾਂ ਦਾ ਕੋਈ ਸੰਬੰਧ 'ਘਰ' ਸਿਰਲੇਖ ਨਾਲ ਵੀ ਹੈ ਕਿ ਨਹੀਂ ?**

ਉੱਤਰ :- ਸੰਗੀਤ ਸ਼ਾਸਤ੍ਰ ਨਿਯਮ ਅਨੁਸਾਰ ਇਕ ਸਪਤਕ ਵਿਚ "ਸਾ ਰੇ ਗਾ ਮਾ ਪਾ ਧਾ ਨੀ" ਸੱਤ ਸੁਰ ਸ਼ੁੱਧ ਅਤੇ 'ਰੁ ਗੁ ਮ ਧੁ ਨੁ' ਇਹ ਪੰਜ ਸੁਰ ਵਿਕ੍ਰਿਤ; ਕੁੱਲ ਬਾਰਾਂ ਸੁਰ ਹੁੰਦੇ ਹਨ। ਈਰਾਨੀ ਸੰਗੀਤਕਾਰ ਇਨ੍ਹਾਂ ਬਾਰਾਂ ਸੁਰਾਂ ਨੂੰ ਹੀ ਬਾਰਾਂ ਮੁਕਾਮ ਆਖਦੇ ਸਨ। ਸੋ ਸ਼ਾਸਤ੍ਰ ਦੇ ਨਿਯਮ ਅਨੁਸਾਰ ਰਾਗ ਵਿਚ ਘੱਟੋ ਘੱਟ ਪੰਜ ਸੁਰਾਂ ਦਾ ਹੋਣਾ ਜਰੂਰੀ ਹੈ ਅਤੇ ਵੱਧ ਤੋਂ ਵੱਧ ਸੱਤ- ਅੱਠ ਨੌਂ ਜਾਂ ਬਾਰਾਂ ਸੁਰ ਹੋ ਜਾਂਦੇ ਹਨ। ਨਾਲੇ ਗ੍ਰਹਿ ਅੰਸ਼ ਨਿਯਾਸ ਆਦਿ ਸੁਰ ਭੀ ਇਨ੍ਹਾਂ ਬਾਰਾਂ ਸੁਰਾਂ ਵਿਚੋਂ ਹੀ ਹੁੰਦੇ ਹਨ। ਭਾਵ ਪੰਜ ਤੋਂ ਘੱਟ ਅਤੇ ਬਾਰਾਂ ਤੋਂ ਵੱਧ ਸੁਰਾਂ ਦਾ ਠਾਟ ਰਾਗ ਗ੍ਰਹਿ ਅੰਸ਼ ਆਦਿ ਕੁਝ ਵੀ ਨਹੀਂ ਹੁੰਦਾ। ਮੇਰਾ ਕਹਿਣ ਦਾ ਭਾਵ ਹੈ ਕਿ ਆਦਿ ਗ੍ਰੰਥ ਵਿੱਚ ਇਕ ਤੋਂ ਸਤਾਰਾਂ ਤਕ 'ਘਰ' ਸਿਰਲੇਖ ਦਾ ਰਾਗਾਂ ਨਾਲ ਉੱਕਾ ਹੀਕੋਈ ਸੰਬੰਧ ਨਹੀਂ।

**ਪ੍ਰਸ਼ਨ :- ਗੁਰੂ ਸਾਹਿਬਾਨ ਨੇ ਜਿਨ੍ਹਾਂ 31 ਰਾਗਾਂ ਵਿਚ ਬਾਣੀ ਉਚਾਰਣ ਕੀਤੀ ਹੈ ਉਨ੍ਹਾਂ ਵਿਚੋਂ ਕੋਈ ਰਾਗ ਐਸਾ ਹੈ ਜਿਸ ਵਿਚ 1 ਤੋਂ 11 ਤੱਕ 'ਘਰਾਂ' ਦਾ ਉਲੇਖ ਹੋਵੇ। ਨਾਲੇ ਦੱਸੋ ਕਿ 'ਘਰ' ਕਿਸ ਨਿਯਮ ਨਾਲ ਭਿੰਨ ਭਿੰਨ ਰਾਗਾਂ ਵਿੱਚ ਲਿਖੇ ਹਨ ?**

ਉੱਤਰ :- ਆਦਿ ਗ੍ਰੰਥ ਵਿੱਚ ਕੇਵਲ 'ਆਸਾ' ਰਾਗ ਹੈ ਜਿਸ ਵਿੱਚ 1 ਤੋਂ 11 ਤਕ 'ਘਰ' ਸਿਰਲੇਖ ਨੰਬਰ ਵਾਰ ਲਿੱਖੇ ਹਨ। ਬਾਕੀ ਰਾਗਾਂ ਵਿਚ ਭੀ 'ਘਰਾਂ' ਦਾ ਵਰਣਨ ਹੈ ਪਰ ਉਨ੍ਹਾਂ ਵਿੱਚ 'ਘਰਾਂ' ਦੀ ਸੰਖਿਆ ਬਹੁਤ ਘੱਟ ਹੈ। ਹਾਂ, ਕਾਨੜਾ ਰਾਗ ਵਿੱਚ 1 ਤੋਂ 12 ਤਕ 'ਘਰਾਂ' ਦਾ ਉਲੇਖ ਹੈ, ਬਾਕੀ ਨਟ ਨਾਰਾਇਣ, ਤੁਖਾਰੀ, ਮਾਲੀ ਗਉੜਾ ਤੇ ਜੈਜਾਵੰਤੀ ਰਾਚ ਰਾਗ ਐਸੇ ਭੀ ਹਨ ਜਿਨ੍ਹਾਂ ਵਿਚ 'ਘਰ' ਸਿਰਲੇਖ ਨਹੀਂ। ਉਂਜ ਜਿਨ੍ਹਾਂ ਸਤਾਈ ਰਾਗਾਂ ਵਿੱਚ 'ਘਰ੍ਹਾਂ' ਦਾ ਉਲੇਖ ਹੈ ਉਹ ਸਭ ਤਰਤੀਬ ਵਾਰ ਹੀ ਲਿਖੇ ਨਜ਼ਰ ਆਉਂਦੇ ਹਨ। ਜਿਵੇਂ :-

ਆਦਿ ਗ੍ਰੰਥ ਵਿੱਚ ਸ੍ਰੀ ਰਾਗ ਪੰਨਾ ੧੪ ਤੋ ਆਰੰਭ ਹੁੰਦਾ ਹੈ। ਉਸ ਵਿੱਚ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਚਉਪਦੇ ਲਿਖੇ ਹਨ, ਉਸ ਤੋਂ ਬਾਦ ਤੀਜੇ, ਚਉਥੇ ਅਤੇ ਪੰਜਵੇਂ ਪਾਤਸ਼ਾਹ ਦੇ ਸ਼ਬਦ ਦਰਜ ਹਨ। ਇਸੇ ਤਰ੍ਹਾਂ 'ਘਰ' ਸਿਲੇਖ ਭੀ ਇੱਕ ਤੋ ਹੀ ਆਰੰਭ ਹੋਵੇਗਾ। ਵੇਖੋ ਪੰਨਾ 18 ਸਿਰੀ ਰਾਗੁ ਮਹੱਲਾ ਪਹਿਲਾ ਘਰੁ ਪਹਿਲਾ, ਫਿਰ ਘਰੁ ਦੂਜਾ ਤੀਜਾ, ਚਉਥਾ ਤੇ ਪੰਜਵਾਂ। ਉਸ ਤੋਂ ਅੱਗੇ ਪੰਨਾ ੨੬ + ਸ੍ਰੀ ਰਾਗੁ ਮ: ੩ ਘਰ ੧, ਮਹਲਾ ੪ ਘਰੁ ੧, ਮਹਲਾ ੫ ਘਰੁ ੧। ਇਸੇ ਤਰ੍ਹਾਂ ਵੇਖੋ ਰਾਗ 'ਆਸਾ' ਜਿਥੇ 'ਘਰਾਂ' ਦੀ ਗਿਣਤੀ ਇਕ ਤੋਂ ਸਤਾਰਾਂ ਤੱਕ ਹੈ। ਪੰਨਾ ੩੪੭ = ਰਾਗੁ ਆਸਾ ਮ: ੧ ਘਰੁ ੧ ਸੋਦਰੁ। ਅੱਗੇ ਮ: ੧ ਘਰੁ ੨, ੩, ੪ ਤੇ ਘਰੁ ੬॥ ਰਾਗੁ ਆਸਾ ਮ: ੩ ਘਰੁ ੨ ਤੇ ਘਰੁ ੮। ਰਾਗੁ ਆਸਾ ਮ: ੪ ਘਰੁ ੨, ੬, ੨ ਤੇ ਰਾਗੁ ਆਸਾਵਰੀ ਮ: ੪ ਘਰੁ ੧੬॥ ਹੁਣ ਵੇਖੋ ਪੰਨਾ ੩੭੦ = ਰਾਗੁ ਆਸਾ ਮਹਲਾ ੫ ਘਰੁ ੨, ਘਰੁ ੩, ੫, ੬, ੭, ੮, ੯, ੧੦, ੧੧, ੧੨, ੧੩, ੧੪, ੧੫ ਤੇ ਰਾਗ ਆਸਾਵਰੀ ਮ: ੫ ਘਰੁ ੧੧॥ ਬਾਕੀ ਰਾਗਾਂ ਵਿਚ ਭੀ ਇਸੇ ਨਿਯਮ ਦੀ ਵਰਤੋਂ ਹੋਈ ਹੈ। ਭਾਵ ਹਰੇਕ ਰਾਗ ਦੇ ਆਰੰਭ ਵਿੱਚ ਘਰ ਪਹਿਲਾ ਲਿਖਿਆ ਨਜ਼ਰ ਆਉਂਦਾਹੈ ਪਰ ਇੱਥੇ ਇੱਕ ਖਾਸ ਗੱਲ ਨੋਟ ਕਰਨ ਵਾਲੀ ਹੈ ਕਿ ਕਈ ਥਾਂ 'ਘਰ' ਨੰਬਰ ਵਾਰ ਨਹੀਂ ਲਿਖੇ, ਉਸ ਦਾ ਕਾਰਨ ਕੇਵਲ ਇਹੋ ਹੈ ਕਿ ਜਿਸ ਤਾਲ 'ਘਰ' ਵਿੱਚ ਜਿਸ ਗੁਰੂ ਸਾਹਿਬਾਨ ਦੇ ਸ਼ਬਦ ਗਾਏ, ਉਨ੍ਹਾਂ ਨੂੰ ਉਸੇ ਤਾਲ ਵਿੱਚ ਲਿਖਿਆ ਹੈ। ਇਸ ਕਾਰਣ ਨੰਬਰ ਅੱਗੇ-ਪਿੱਛੇ ਨਜ਼ਰ ਆਉਂਦੇ ਹਨ।

**ਪ੍ਰਸ਼ਨ :- ਇੱਕ ਤੋਂ ਸਤਾਰਾਂ ਤੱਕ ਜੇ 'ਘਰ' ਸਿਰਲੇਖ ਕੇਵਲ ਆਸਾ ਰਾਗ ਵਿੱਚ ਹੀ ਹੈ ਤਾਂ ਸ਼ੰਕਾ ਕਿਸ ਗੱਲ ਦੀ। ਕਿਉਂਕਿ ਪ੍ਰਚਾਨੀ ਪੱਧਤੀ ਅਨੁਸਾਰ ਇਹ ਖੜਜ-ਗ੍ਰਾਮ ਦੀ ਪਹਿਲੀ ਮੂਰਛਨਾਂ ਦਾ ਰਾਗ ਹੈ ਅਤੇ ਅਧੁਨਿਕ ਠਾਟ (ਮੇਲ ਪੱਧਤੀ ਅਨੁਸਾਰ ਆਸਾ ਬਿਲਾਵਲ ਠਾਟ ਦਾ ਰਾਗ ਹੈ। ਜੇ ਮੂਰਛਨਾਂ ਬਦਲਾਂਗੇ ਤਾਂ (ਠਾਟ) ਰਾਗ ਤਬਦੀਲ ਹੋ ਜਾਵੇਗਾ। ਸੋ ਇਹ ਗੱਲ ਤਾਂ ਸਪਸ਼ਟ ਹੋ ਗਈ ਕਿ ਰਾਗ ਦੇ ਰੂਪ ਦੇ ਰੂਪ ਨੂੰ ਦਰਸਾਉਣ ਵਾਲੇ ਗ੍ਰਹਿ, ਅੰਸ਼, ਮੂਰਛਨਾਂ ਆਦਿ ਦਾ ਘਰ ਸਿਰਲੇਖ ਨਾਲ ਕੋਈ ਸੰਬੰਧ ਨਹੀਂ। ਹੁਣ ਦੱਸੋ ਕਿ ਘਰ ਦਾ ਤਾਲ ਨਾਲ ਕੀ ਸੰਬਧ ਹੈ ਅਤੇ 1 ਤੋਂ 11 ਤੱਕ ਆਸਾ ਰਾਗ ਵਿਚ ਜਿਹਨੇ ਘਰ ਲਿਖੇ ਹਨ ਉਨ੍ਹਾਂ ਨੂੰ ਮਾਤ੍ਰਾਂ ਜਾਂ ਤਾਲੀਆਂ ਰਾਹੀਂ ਭਿੰਨ-ਭਿੰਨ**

# ਮਿਤ੍ਰ ਅਸਾਡੜੇ ਸੇਈ

★ ਆਸਟ੍ਰੇਲੀਅਨ ਸੰਗੀਤਕਾਰ ਸ੍ਰ: ਦਿਆ ਸਿੰਘ ਕੁਝ ਸਾਲਾਂ ਤੋਂ ਗੁਰਬਾਣੀ ਸੰਗੀਤ ਦਾ ਵਿਸ਼ਵ ਸੰਗੀਤ ਵਿੱਚ ਤਰਜਮਾ ਕਰਨ ਲਈ ਯਤਨਸ਼ੀਲ ਹੈ। ਜਿਵੇਂ ਸ੍ਰ: ਬੈਂਸ ਦੇ ਕੰਪਯੂਟਰ ਤੇ ਚੜ੍ਹਾਏ ਹੋਏ ਸਿੱਖ ਧਰਮ/ਇਤਿਹਾਸ ਦੇ ਵਿਸ਼ਵਕੋਸ਼ ਦਾ ਸਿੱਖ ਅਤੇ ਗੈਰ-ਸਿੱਖ ਸੰਸਥਾਵਾਂ ਨੇ ਭਰਵਾਂ ਸਵਾਗਤ ਕੀਤਾ ਹੈ। ਉਸੇ ਤਰ੍ਹਾਂ ਪੱਛਮੀ ਮਾਧਿਅਮ(ਰੇਡੀਓ/ਟੈਲੀਵਿਜਨ) ਸ੍ਰ: ਦਿਆ ਸਿੰਘ ਦੇ ਵਿਸ਼ਵ ਸੁਰ-ਤਾਲ ਵਿਚ ਪੇਸ਼ ਕੀਤੇ ਪ੍ਰੋਗਰਾਮਾਂ ਨੂੰ "ਜੀਓ ਆਇਆਂ" ਆਖ ਰਿਹਾ ਹੈ। ਪਹਿਲੀ ਜਨਵਰੀ ਨੂੰ ਬੀ.ਬੀ.ਸੀ. ਰੇਡੀਓ ਯੂ.ਕੇ. ਦੇ ਏਸ਼ੀਆ ਨੈਟਵਰਕ ਨੇ ਕੋਈ ਦੋ ਮਹੀਨੇ ਦਿਆ ਸਿੰਘ ਜੀ ਦੇ ਪੱਛਮੀ ਲੈਅ ਵਿਚ ਗਾਏ ਸ਼ਬਦ ਪੇਸ਼ ਕਰਨ ਤੋਂ ਬਾਦ ਇਕ ਘੰਟਾ ਇਨ੍ਹਾਂ ਨਾਲ ਟੈਲੀਫੋਨ ਰਾਹੀਂ ਇੰਟਰਵਿਊ ਕੀਤਾ। ਪ੍ਰੀਜੈਂਟਰ ਨੀਲੂ ਕਲਸੀ ਨੇ ਦੱਸਿਆ ਕਿ ਉਨ੍ਹਾਂ ਨੂੰ ਸ੍ਰ: ਦਿਆ ਸਿੰਘ ਦੇ ਪ੍ਰੋਗਰਾਮਾਂ ਤੋਂ ਬਾਦ ਲਗਾਤਾਰ ਕਈ ਸੌ ਟੈਲੀਫੋਨ ਪੰਜਾਬੀ (ਭਾਵ ਸਿੱਖ, ਮੁਸਲਮਾਨ ਅਤੇ ਹਿੰਦੂ) ਸ੍ਰੋਤਿਆਂ ਵਲੋਂ ਆਏ ਹਨ। ਕਿ ਸਿੱਖ ਸਾਂਝੀ ਗੁਰਬਾਣੀ ਦੇ ਵਿਸ਼ਵ ਪੱਧਰ ਤੇ ਪ੍ਰਚਾਰਨ ਲਈ ਇਸ ਢੰਗ ਨਾਲ ਪੂਰਬੀ/ਪੱਛਮੀ ਸਾਜਾਂ ਤੋਂ ਸੁਰ-ਤਾਲ ਦੇ ਸੁਮੇਲ ਨਾਲ ਪੇਸ਼ ਕੀਤੇ ਗੁਰ-ਸੰਗੀਤ ਦੀ ਲੋੜ ਹੈ। ਇਸ ਪੱਖੋਂ ਸ੍ਰ: ਦਿਆ ਸਿੰਘ ਦਾ ਸੀ.ਡੀ. "300" ਬੇ-ਮਿਸਾਲ ਹੈ। ਇਸ ਨੂੰ ਸੁਣ ਕੇ ਅਖੀਰ ਕਲਾਸੀਕਲ ਸ੍ਰੋਤੇ ਵੀ ਮੰਨ ਗਏ ਹਨ ਕਿ ਸਿੱਖ ਰਾਗੀ ਦਾਇਰੇ ਤੋਂ ਬਾਹਰ, ਇਸ ਢੰਗ ਦੇ ਵਿਸ਼ਵ ਗੁਰ-ਸੰਗੀਤ ਲਈ ਵੀ ਯੋਗ ਥਾਂ ਹੈ। ਸ੍ਰ: ਬੈਂਸ ਹੋਰਾਂ ਦੇ ਵਿਸ਼ਵ-ਕੋਸ਼ ਵਾਂਗ, ਅਗਲੀ ਸਿੱਖ ਪਨੀਰੀ ਨੂੰ ਮੁੜ ਸਿੱਖ ਧਰਮ ਵੱਲ ਪ੍ਰੇਰਨ ਲਈ ਇਹ ਯਤਨ ਇੱਕ ਮੀਲ-ਪੱਥਰ ਹੈ।

ਲੋੜ ਹੈ ਕਿ ਵਿਸ਼ਵ ਪੱਧਰ ਤੇ ਕੋਈ ਸਿੱਖ ਸੰਸਥਾ ਇਹੋ ਜਿਹੇ ਯਤਨਾਂ ਨੂੰ ਉਤਸ਼ਾਹਤ ਕਰੀ ਰੱਖੇ ਅਤੇ ਨਾਲ ਹੀ ਸਹੀ ਸੇਧ ਵੀ ਦੇਵੇ। ਸ੍ਰ: ਬੈਂਸ ਨਾਲ ਇਨ੍ਹਾਂ ਵਿਸ਼ਿਆਂ ਤੇ ਕਈ ਵਿਚਾਰ ਹੋਏ ਹਨ ਉਹ ਕਹਿੰਦੇ ਹਨ ਕਿ ਅਸੀਂ ਕੰਪਯੂਟਰ ਸੰਚਾਰ ਸਾਧਨਾਂ ਰਾਹੀਂ ਸਿੱਖ ਸੰਸਥਾਵਾਂ ਨੂੰ ਪੁਚਾਉਂਦੇ ਰਹਾਂਗੇ।

**ਪ੍ਰੋ. ਗੁਰਮੁੱਖ ਸਿੰਘ ਬਸੀਆਂ / ਸਾਊਥਾਲ, ਯੂ.ਕੇ.**

★ While going through the magazine of March ' 99, I found that the meaning of Shabads (for which notation has been printed) is printed only in Punjabi and not in English. This obviously deprises many readers who are more acquainted with English language than Punjabi, the charm of assimilating and absorbing the graceful meanings of Gurbani. I hope you will continue printing the meaning in English also and the same way as being done in all the earlier issues.

I also find the present writers are using Sanskrit/Hindi words which are more difficult to read, spell and understand in Punjabi language. Punjabi language of pre 1947 period was more fluent, graceful, charming and rich also at the same time. I wish such beauty is retained and Punjabi language is enriched with easy to speak/ understand, words to be more easily readable and fluent.

**Rajinder Singh / Mohali**

★ I had the pleasure of hearing your 'Kirtan' at my brother-in law, Maj. Gen. Joginder Singh's house in Delhi. I also saw a copy of the publication 'Amrit Kirtan', which I liked very much.

**Inderjit Singh / Mumbai**


**FORM IV**
**STATEMENT OF OWNERSHIP**
**( See Rule 8 )**

| | | |
|---|---|---|
| Place of Publication | : | Chandigarh |
| Periodicity of Publication | : | Monthly |
| Editior, Printer & Publisher's Name | : | Dr. Jagir Singh |
| Nationality | : | Indian |
| Owner of Newspaper | : | President, Amrit Kirtan Trust |

I, Dr. Jagir Singh, hereby declare that the particulars given above are true to the best of my knowledge and belief.

sd/-
Dr. Jagir Singh
**Publisher**

**Date : March 1, 1999**

# ਕਰਉ ਬੇਨੰਤੀਆ

## ਖਾਲਸਾ-ਤਿੰਨ ਸਾਖੀਆਂ-ਤੇ ਅਸੀਂ

ਆਪਾਂ ਖਾਲਸੇ ਦੀ ਤੀਜੀ ਜਨਮ ਸ਼ਤਾਬਦੀ ਮਨਾ ਰਹੇ ਹਾਂ। ਇਸ ਵੇਲੇ ਜੋ ਸਾਡੀ ਹਾਲਤ ਹੈ ਉਸ ਦਾ ਧਿਆਨ ਧਰਦਿਆਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਨਾਲ ਸੰਬੰਧਤ ਤਿੰਨ ਸਾਖੀਆਂ ਚੇਤੇ ਆਈਆਂ ਹਨ :

ਇੱਕ ਵਾਰ ਰਾਤ ਨੂੰ ਕਿਲ੍ਹਾ ਅਨੰਦਗੜ੍ਹ ਸਾਹਿਬ ਰਾਤ ਦੇ ਪਹਿਰੇਦਾਰ ਸਿੰਘਾਂ ਨੂੰ ਪਤਾ ਲੱਗਾ ਕਿ ਨੇੜੇ ਇੱਕ ਪਿੰਡ ਵਿੱਚ ਕੋਈ ਤਮਾਸ਼ਾ ਮੰਡਲੀ ਤਮਾਸ਼ਾ ਵਿਖਾ ਰਹੀ ਹੈ। ਇਹਨਾਂ ਸਿੰਘਾਂ ਦਾ ਮਨ ਕੀਤਾ ਤਮਾਸ਼ਾ ਵੇਖਣ ਨੂੰ। ਕੁਝ ਡਰ ਗਏ ਕਿ ਨਹੀਂ ਪਹਿਰੇ ਉੱਤੇ ਰਹਿਣਾ ਚਾਹੀਦਾ ਹੈ ਤੇ ਕੁਝ ਚਲੇ ਗਏ। ਜਿਹੜੇ ਚਲੇ ਗਏ ਉਹਨਾਂ ਦਾ ਤਮਾਸ਼ਾ ਵੇਖਣ ਵੇਲੇ ਧਿਆਨ ਪਹਿਰੇ ਤੇ ਰਿਹਾ। ਉਹਨਾਂ ਦੇ ਮਨ ਵਿੱਚ ਡਰ ਸੀ ਕਿ ਗਲਤੀ ਕੀਤੀ ਹੈ। ਜਿਹੜੇ ਪਹਿਰੇ ਤੇ ਸਨ ਉਹਨਾਂ ਦਾ ਮਨ ਤਮਾਸ਼ੇ ਵਿੱਚ ਸੀ। ਉਹ ਸੋਚਦੇ ਸਨ ਇੱਥੇ ਕਿਹੜਾ ਕਿਸੇ ਨੂੰ ਪਤਾ ਲੱਗਾ ਹੈ। ਅਸੀਂ ਵੀ ਤਮਾਸ਼ਾ ਵੇਖ ਸਕਦੇ ਸਾਂ।

ਦੂਜੇ ਦਿਨ ਸਵੇਰੇ ਗੁਰੂ ਜੀ ਨੇ ਦਰਬਾਰ ਵਿੱਚ ਪਹਿਰੇਦਾਰ ਸਿੱਖਾਂ ਨੂੰ ਬੁਲਾ ਕੇ ਕਿਹਾ - ਹਾਜ਼ਰ—ਗੈਰ-ਹਾਜ਼ਰ, ਗੈਰ ਹਾਜ਼ਰ — ਹਾਜ਼ਰ।

ਅੱਜਕਲ ਸਾਡੀ ਹਾਜ਼ਰੀ ਵੀ ਹਾਜ਼ਰ ਸਿੱਖਾਂ ਵਾਲੀ ਹੈ। ਜਾਪਦਾ ਹੈ ਕਿ ਗੁਰੂ ਜੀ ਨੂੰ ਸਾਡੀ ਗੈਰ ਹਾਜ਼ਰੀ ਦਾ ਪਤਾ ਲਗ ਗਿਆ ਹੈ ਤਾਂ ਹੀ ਤਾਂ ਉਹ ਕਲਾ ਵਰਤਾ ਕੇ ਇੱਕ ਦੂਜੇ ਰਾਹੀਂ ਸਾਡੀ ਅਸਲੀਅਤ ਸਾਹਮਣੇ ਲਿਆ ਰਹੇ ਹਨ।

ਦੂਜੀ ਸਾਖੀ ਕੁੱਝ ਇਸ ਤਰ੍ਹਾਂ ਹੈ : ਗੁਰੂ ਜੀ ਦੇ ਇੱਕ ਸੂਰਬੀਰ ਸਿੰਘ ਭਾਈ ਉਦੈ ਸਿੰਘ ਜੀ ਨੇ ਇੱਕ ਖ਼ਤਰਨਾਕ ਸ਼ੇਰ ਦਾ ਸ਼ਿਕਾਰ ਕੀਤਾ। ਉਸ ਦੀ ਖੱਲ ਉਤਾਰ ਕੇ ਇੱਕ ਖੋਤੇ ਨੂੰ ਪੁਆ ਦਿੱਤੀ। ਖੋਤੇ ਨੂੰ ਸ਼ੇਰ ਸਮਝ ਕੇ ਲੋਕ ਉਸ ਤੋਂ ਡਰਨ ਲਗੇ। ਖੋਤਾ ਨਿਡਰ ਹੋ ਕੇ ਲੋਕਾਂ ਦੀਆਂ ਖੇਤੀਆਂ ਉਜਾੜਨ ਲੱਗ ਪਿਆ। ਇੱਕ ਦਿਨ ਕੁਝ ਹੋਰ ਖੋਤਿਆਂ ਨੂੰ ਵੇਖ ਕੇ ਖੋਤਾ ਹੀਂਗਣ ਲੱਗ ਪਿਆ ਉਸਦੀ ਅਸਲੀਅਤ ਸਾਹਮਣੇ ਆ ਗਈ। ਲੋਕਾਂ ਨੇ ਉਸ ਨੂੰ ਇੱਕ ਘੁਮਿਆਰ ਦੇ ਹਵਾਲੇ ਕਰ ਦਿੱਤਾ ਜਿਸ ਨੇ ਉਸ ਨੂੰ ਭਾਰ ਢੋਣ ਲਾ ਲਿਆ।

ਅਸੀਂ ਵੀ ਸ਼ੇਰ ਦੀ ਖੱਲ ਪਾਈ ਹੋਈ ਹੈ ਪਰ ਗੁਰੂ ਕਲਾ ਵਰਤਾ ਕੇ ਇੱਕ ਦੂਜੇ ਰਾਹੀਂ ਸਾਡੀ ਅਸਲੀਅਤ ਸਾਹਮਣੇ ਲਿਆ ਰਿਹਾ ਹੈ।

ਇੱਕ ਹੋਰ ਸਾਖੀ ਚੇਤੇ ਆ ਗਈ। ਇੱਕ ਵਾਰ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਅੱਜ ਦੇ ਲੰਗਰ ਲਈ ਚੌਲ ਬਣਾ ਲੈਣਾ। ਚੌਲ ਬਣਵਾ ਕਿ ਮਹਾਰਾਜ ਨੇ ਕਿਹਾ ਕਿ ਭਾਈ, ਹਿਰਨਾਂ ਦੀ ਡਾਰ ਚੌਲਾਂ ਤੇ ਲਾ ਦਿਓ। ਹਿਰਨ ਲਿਆਂਦੇ ਗਏ। ਉਹਨਾਂ ਫਟਾਫਟ ਚੌਲ ਖਾਧੇ ਤੇ ਚੁੰਗੀਆ ਭਰ ਕੇ ਉਹ ਗਏ, ਉਹ ਗਏ। ਦੂਜੇ ਦਿਨ ਫੇਰ ਚੌਲ ਬਣਵਾਏ ਗਏ। ਉਸ ਦਿਨ ਚੌਲ ਖਾਣ ਲਈ ਕੁੱਤੇ ਮੰਗਵਾਏ ਗਏ। ਕੁੱਤੇ ਜਦੋਂ ਚੌਲਾਂ ਦੁਆਲੇ ਇੱਕਠੇ ਹੋਏ ਤਾਂ ਉਹ ਚੌਲ ਖਾਣ ਦੀ ਬਜਾਏ ਇੱਕ ਦੂਜੇ ਨਾਲ ਲੜਨ ਲੱਗ ਪਏ। ਸਾਰੇ ਚੌਲ ਵੀ ਖਿੰਡ ਪੁੰਡ ਗਏ ਤੇ ਕੁੱਤੇ ਵੀ ਲਹੂ ਲੁਹਾਣ ਹੋ ਕੇ ਉਥੋਂ ਚਲੇ ਗਏ। ਗੁਰੂ ਸਾਹਿਬ ਨੇ ਇਸ ਘਟਨਾ ਰਾਹੀਂ ਇਹ ਉਪਦੇਸ਼ ਦਿੱਤਾ ਕਿ ਭਾਈ ਜੇ ਖਾਲਸਾ ਹਿਰਨਾਂ ਵਾਂਗੂੰ ਮਿਲ ਕੇ ਚੱਲੇਗਾ ਤਾਂ ਮਨਸ਼ਾ ਰੂਪੀ ਚੌਲ ਵੀ ਪ੍ਰਾਪਤ ਹੋਣਗੇ ਤੇ ਪ੍ਰੇਮ ਭਾਵ ਵੀ ਬਣਿਆ ਰਹੇਗਾ। ਪ੍ਰੰਤੂ ਜੇ ਖਾਲਸਾ ਆਪਸ ਵਿੱਚ ਲੜੇਗਾ ਤਾਂ ਪੱਲੇ ਵੀ ਕੁਝ ਨਹੀਂ ਪੈਣਾ ਤੇ ਖੁਆਰ ਵੀ ਹੋਵੇਗਾ। ਇਤਿਹਾਸ ਵਿੱਚ ਅਤੇ ਗੁਰਬਾਣੀ ਵਿੱਚ ਅਜਿਹੀਆਂ ਸਿੱਖਿਆਦਾਇਕ ਅਨੇਕਾਂ ਘਟਨਾਵਾਂ ਤੇ ਆਦੇਸ਼ ਹਨ। ਪਰ ਇਹਨਾਂ ਅਨੁਸਾਰ ਚੱਲਣਾ ਤਾਂ ਅਸੀਂ ਹੈ।

ਗੁਰਬਾਣੀ ਵਿੱਚ ਸੱਚ ਝੂਠ ਤੇ ਖਰੇ-ਖੋਟੇ ਬਾਰੇ ਕੁਝ ਵਾਕ ਸਮਝਣ ਯੋਗ ਹਨ :-

*ਜਿਨ੍ਹਾਂ ਰਾਸ ਨ ਸਚ ਹੈ ਕਿਉ ਤਿਨਾਂ ਸੁਖੁ ਹੋਇ।*
*ਖੋਟੇ ਵਣਜ ਵਣੰਜਿਐ ਮਨੁ-ਤਨੁ ਖੋਟਾ ਹੋਇ।*
*ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ।*

*ਖੋਟੇ ਪੋਤੈ ਨ ਪਵਹਿ ਤਿਨ ਹਰਿਗੁਰ ਦਰਸੁ ਨ ਹੋਇ।*
*ਖੋਟੇ ਜਾਤਿ ਨ ਪਤਿ ਹੈ ਖੋਟ ਨ ਸੀਝਸਿ ਕੋਇ।*
*ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ।*

ਦਾਸ

# ਖ਼ਾਲਸੇ ਦੀ 300ਵੀਂ ਵਰ੍ਹੇਗੰਢ : ਕਾਹਦੀ ਖੁਸ਼ੀ ਮਨਾਈਏ ?

***ਕੀ ਅਸੀ ਸੰਤ ਹਾਂ ? ਕੀ ਅਸੀਂ ਸਿਪਾਹੀ ਹਾਂ ?***

**ਭਗਵੰਤ ਸਿੰਘ ਦਲਾਵਰੀ ***

*(ਮੂਲ ਅੰਗਰੇਜ਼ੀ ਲੇਖ ਦਾ ਪੰਜਾਬੀ ਰੂਪਾਂਤਰ)*

ਜਿੱਥੇ ਇੱਕ ਪਾਸੇ ਮੈਨੂੰ ਆਪਣੇ ਗੁਰੂ ਗੋਬਿੰਦ ਸਿੰਘ ਜੀ ਤੇ ਬਹੁਤ ਮਾਣ ਹੈ ਕਿ ਉਨ੍ਹਾਂ ਖਾਲਸੇ ਦੀ ਮਹਾਨ ਰਚਨਾ ਕੀਤੀ ਤੇ ਮੇਰੀਆਂ ਸਾਰੀਆਂ ਖਾਮੀਆਂ ਦੇ ਬਾਵਜੂਦ "ਖਾਲਸਾ" (ਮੇਰਾ ਖਾਸ ਰੂਪ) ਕਰਕੇ ਮੈਨੂੰ ਅਪਨਾਇਆ; ਉੱਥੇ ਆਪਣੇ ਆਪ ਤੇ ਭਾਰੀ ਅਫਸੋਸ ਹੈ ਕਿ ਉਨ੍ਹਾਂ ਜੋ ਤਾਕਤ ਮੈਨੂੰ ਬਖਸ਼ੀ ਸੀ, ਮੇਰੇ ਅੰਦਰ ਭਰੀ ਸੀ ਉਹ ਸਾਰੀ ਦੀ ਸਾਰੀ ਮੈਂ ਬਾਹਰਲੇ ਭੇਖ ਤੇ ਦਿਖਾਵੇ ਤੇ ਹੀ ਜੋਰ ਪਾ ਕੇ ਗਵਾ ਲਈ। ਅਜ ਜਦੋਂ ਮੈਂ ਉਸ ਮਹਾਨ ਘਟਨਾ ਦੀ ਖੁਸ਼ੀ ਵਿਚ ਖਾਲਸੇ ਦੇ ਸਿਰਜਨਹਾਰ- ਗੁਰੂ ਗੋਬਿੰਦ ਸਿੰਘ ਤੇ ਪੰਜ ਪਿਆਰਿਆਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਗੇ ਸੀਸ ਨਿਵਾਉਂਦਾ ਹਾਂ ਤਾਂ ਮੇਰੀਆਂ ਅੱਖਾਂ ਦੇ ਅੱਥਰੂ ਮੈਨੂੰ ਪੁੱਛਦੇ ਹਨ - ਕੀ ਹੈ ਤੇਰੇ ਕੋਲ 1699 ਦੀ ਵਿਸਾਖੀ ਨਾਲ ਸੰਬੰਧ ਜੋੜਨ ਲਈ, ਸਿੱਖੀ ਕਿਰਦਾਰ, ਈਮਾਨਦਾਰੀ ਭਾਵਨਾਂ? ਸਚਾਈ? ਤੇ ਸਭ ਤੋਂ ਉਪਰ ਨਾਮ ? ਸਿੱਖ ਧਰਮ ਦੇ ਦੋ ਮਹਾਨ ਅਸੂਲ, ਸੇਵਾ ਤੇ ਸਿਮਰਨ ਜੋ ਸਾਡੇ ਜੀਵਨ ਵਿੱਚ ਨਹੀਂ ਤਾਂ ਕੀ ਰਹਿ ਗਿਆ ਹੈ ਸਾਡੇ ਕੋਲ ਮਨਾਣ ਲਈ? ਨਾ ਮੈਂ ਸੰਤ, ਨਾ ਸਿਪਾਹੀ, ਫਿਰ ਕਿਵੇਂ ਖਾਲਸਾ ਅਖਵਾ ਸਕਦਾ ਹਾਂ ? ਮੇਰੇ ਹਿਰਦੇ ਵਿਚ ਜੇ ਖਾਲਸਾ ਨਹੀਂ ਜਿਸਦੇ ਗੁਣ ਗੁਰੂ ਗੋਬਿੰਦ ਸਿੰਘ ਦੇ ਬਚਨਾਂ ਅਨੁਸਾਰ ਹੇਠਾਂ ਦਿੱਤੇ ਗਏ ਹਨ - ਤਾਂ ਪੱਥਰ ਦਾ ਨਿਸ਼ਾਨੇ ਖਾਲਸਾ , 1699 ਦੀ ਪਵਿੱਤ੍ਰਤਾ ਨੂੰ ਕਿਵੇਂ ਦਰਸਾ ਸਕੇਗਾ? ਇਕ ਅੱਖ ਮੇਰੀ ਇਸ ਕਰਕੇ ਰੋਂਦੀ ਹੈ ਕਿ ਮੈਂ ਖਾਲਸਈ ਗੁਣਾਂ ਤੋਂ ਪੂਰੀ ਤਰ੍ਹਾਂ ਦੂਰ ਹਾਂ ਤੇ ਦੂਜੀ ਅੱਖ ਇਸ ਕਾਰਣ ਅੱਥਰੂ ਵਗਾ ਰਹੀ ਹੈ ਕਿ ਇਤਨੀ ਗਿਰਾਵਟ ਦੇ ਬਾਵਜੂਦ ਮੈਨੂੰ ਕੋਈ ਪਸ਼ਚਾਤਾਪ ਨਹੀਂ ਤੇ ਕੇਵਲ ਬਾਹਰ ਦੇ ਜਸ਼ਨ ਮਨਾਣ ਵਿਚ ਹੀ ਮੈਂ ਖੁਸ਼ ਹਾਂ।

ਭਾਵੇਂ ਅਸੀਂ ਬਾਹਰਲੇ ਮੁਲਕਾਂ ਤੋਂ ਡਿਜ਼ਾਈਨਰ ਤੇ ਆਰਕੀਟੈਕਟ ਲੈ ਆਈਏ, ਭਾਵੇਂ ਵਡੇ-ਵਡੇ ਜਲੂਸ ਕੱਢ ਲਈਏ ਭਾਂਵੇਂ ਖਾਲਸੇ ਦੀ ਗਿਣਤੀ ਤੇਜੀ ਨਾਲ ਵਧਾ ਲਈਏ, ਅਸਾਂ ਪਹਿਲੇ ਪੰਜਾਂ ਪਿਆਰਿਆਂ ਵਰਗਾ ਖ਼ਾਲਸਾ ਪੈਦਾ ਕਰਨ ਲਈ ਤਾਂ ਕੁਝ ਨਹੀਂ ਕੀਤਾ। ਅਪਣੀ ਹੋਰ ਪੀੜਾ ਪਰਗਟ ਕਰਨ ਤੋਂ ਪਹਿਲਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਅੰਮ੍ਰਿਤ ਛਕਣਾ-ਜੋ ਖਾਲਸੇ ਲਈ ਲਾਜ਼ਮੀ ਹੈ - ਉਹ ਨਹੀਂ ਜੋ ਅਸਾਂ ਬਣਾ ਦਿੱਤਾ ਹੈ। ਅਸੀਂ ਉਕਾ ਹੀ ਭੁੱਲ ਗਏ ਕਿ ਭਾਈ ਦਇਆ ਸਿੰਘ ਤੇ ਉਨ੍ਹਾਂ ਵਰਗੇ ਮਹਾਨ ਲੀਹਾਂ ਪਾਉਣ ਵਾਲਿਆਂ ਨੂੰ ਕਿਵੇਂ ਤੇ ਕਿਵੇਂ ਗੁਰੂ ਸਾਹਿਬ ਨੇ ਅੰਮ੍ਰਿਤ ਪ੍ਰਦਾਨ ਕੀਤਾ, ਅਤੇ ਕਿਉਂ ਤੇ ਕਿਵੇਂ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਖੁਦ ਪੰਜਾਂ ਪਿਆਰਿਆਂ ਅਗੇ ਬੇਨਤੀ ਕਰਕੇ ਉਨ੍ਹਾਂ ਤੋਂ ਅੰਮ੍ਰਿਤ ਛਕਿਆ ਸੀ।

"ਜਗਤ ਜੋਤਿ ਜਪੈ ਨਿਸਬਾਸੁਰ....... ਖਾਲਸ ਤਾਹਿ ਨਖਾਲਸ ਜਾਨੈ ॥"

(ਖ਼ਾਲਸਾ ਉਹ ਹੈ ਜਿਸ ਅੰਦਰ ਨਿਰੰਤਰ, ਦਿਨ ਤੇ ਰਾਤ ਪ੍ਰਭੂ ਦੀ ਜੋਤ ਜਗਦੀ ਹੈ, ਜੋ ਇਸਤਰ੍ਹਾਂ ਨਹੀਂ ਤਾਂ ਉਹ ਖ਼ਾਲਸਾ ਨਹੀਂ, ਨਿਖਾਲਸ ਹੈ।)

ਸਾਨੂੰ ਖ਼ਾਲਸਾ ਬਨਾਣ ਵਾਲਾ ਅੰਮ੍ਰਿਤ ਕੇਵਲ ਇਕ ਰਸਮ ਨਹੀਂ, ਨਾਂ ਹੀ ਇਹ ਰਸਮ ਕੇਵਲ ਪੰਜ ਕਕਾਰ ਪਹਿਨਣ ਨਾਲ ਪੂਰੀ ਹੋ ਜਾਂਦੀ ਹੈ, ਨਾ ਹੀ ਪੰਜਾਂ ਬਾਣੀਆਂ ਦਾ ਕੇਵਲ ਪਾਠ ਕਰਨ ਮਾਤ੍ਰ। ਕੇਵਲ ਬਾਹਰੋਂ ਗੁਰੂ ਨਾਲ ਜੁੜਨ ਨਾਲ ਕੋਈ ਅੰਮ੍ਰਿਤਧਾਰੀ ਨਹੀਂ ਹੋ ਜਾਂਦਾ। ਕੇਵਲ ਮੂਹੋਂ ਗੁਰੂ ਗੋਬਿੰਦ ਸਿੰਘ ਨੂੰ ਪਿਤਾ ਤੇ ਮਾਤਾ ਸਾਹਿਬ ਦੇਵਾਂ ਜੀ ਨੂੰ ਮਾਤਾ ਕਹਿਣ ਨਾਲ ਅਸੀਂ ਗੁਰਬਾਣੀ ਦਾ ਅੰਮ੍ਰਿਤ ਛੱਕਣ ਯੋਗ ਨਹੀਂ ਹੋ ਜਾਂਦੇ। ਬਗੈਰ ਅਪਣੀ ਮਾਨਸਿਕਤਾ ਬਦਲੇ ਕੇਵਲ ਰਸਮੀ ਤੌਰ ਤੇ ਕਹਿਣ ਨਾਲ ਕਿ ਜਾਤ-ਪਾਤ ਗੋਤ ਨਹੀਂ ਮੰਨਣੀ, ਸਾਡਾ ਵਿਤਕਰੇ ਵਾਲਾ ਸੁਭਾਅ ਨਹੀਂ ਬਦਲਦਾ। ਸਾਡੇ ਨਾਵਾਂ ਨਾਲ ਸਿੰਘ ਤੇ ਕੌਰ ਨਾ ਨਾਲ ਸਾਡੀ ਸੋਚ ਨਹੀਂ ਬਦਲ ਸਕਦੀ। ਅੰਮ੍ਰਿਤ ਕੇਵਲ ਬਾਹਰਲਾ ਪਹਿਰਾਵਾ ਨਹੀਂ।

ਅੰਮ੍ਰਿਤ ਪ੍ਰਤੀਕ ਹੈ ਇਸ ਗਲ ਦਾ ਕਿ ਪੰਜਾਂ ਪਿਆਰਿਆਂ ਵਾਂਗ ਅਸੀਂ ਵੀ ਆਪਣਾ ਆਪ ਗੁਆ ਕੇ ਗੁਰੂ ਅੱਗੇ ਸੀਸ ਭੇਟ ਕਰਨ ਲਈ ਤਿਆਰ ਹਾਂ। ਗੁਰੂ ਸਾਹਿਬਾਨ ਦੇ ਆਪਣੇ ਬਚਨਾਂ ਅਨੁਸਾਰ ਅੰਮ੍ਰਿਤਧਾਰੀ ਸਿੰਘ ਇਹੋ ਜਿਹਾ ਹੋਣਾ ਚਾਹੀਦਾ ਹੈ :

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥*** (ਪੰਨਾ 918)

***ਸਤਿਗੁਰ ਆਗੈ ਸੀਸੁ ਭੇਟ ਦੇਉ, ਜੇ ਸਤਿਗੁਰ ਸਾਚੇ ਭਾਵੈ ॥*** (ਪੰਨਾ 1114)

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*** (ਪੰਨਾ 657)

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨੁ॥*** (ਪੰਨਾ 1427)

***ਇਤੁ ਮਾਰਗਿ ਪੈਰੁ ਧਰੀਜੈ। ਸਿਰੁ ਦੀਜੈ ਕਾਣਿ ਨ ਕੀਜੈ ॥*** (ਪੰਨਾ 1412)

**ਪ੍ਰਣ :-** ਸੋ ਸਪਸ਼ਟ ਹੋਇਆ ਕਿ ਖ਼ਾਲਸਾ ਕੀ ਹੁੰਦਾ ਹੈ ਤੇ ਗੁਰੂ ਸਾਹਿਬ ਨੇ ਸਾਨੂੰ ਕੀ ਬਨਾਣਾ ਚਾਹਿਆ ਸੀ। ਸੁਭਾਵਿਕ ਹੈ, ਉਨ੍ਹਾਂ ਦੇ ਪ੍ਰਣ ਇਹ ਸਨ :

***ਦੇਹ ਸ਼ਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋ ॥***

* Tapovan, Amaravati - 444 602

(ਪ੍ਰਭੂ ਮੈਨੂੰ ਇਹ ਵਰ ਦਿਓ ਕਿ ਮੈਂ ਕਦੇ ਵੀ ਸ਼ੁੱਭ ਕਰਮਾਂ ਤੋਂ ਮੂੰਹ ਨਾ ਮੋੜਾਂ। ਦੁਸ਼ਮਨਾਂ ਤੋਂ ਮੈਂ ਕਦੇ ਵੀ ਨਾ ਡਰਾਂ. ਮੈਨੂੰ ਨਿਸ਼ਚਾ ਹੋਵੇ ਕਿ ਸੱਚ ਦੀ ਲੜਾਈ ਵਿਚ ਮੇਰੀ ਹੀ ਜਿੱਤ ਹੋਵੇਗੀ। ਆਪਣੇ ਆਪ ਨੂੰ ਮੈਂ ਇਹ ਸਿੱਖਿਆ ਦੇਵਾਂ ਕਿ ਮੈਨੂੰ ਆਪਦੇ ਗੁਣ ਗਾਉਣ ਦਾ ਲਾਲਚ ਹੋਵੇ ਜਦੋਂ ਵੇਲਾ ਆਵੇ, ਮੈਂ ਰਣਭੂਮੀ ਵਿੱਚ ਸੱਚ ਲਈ ਸ਼ਹੀਦ ਹੋ ਜਾਵਾਂ।)

*ਕਹਾ ਭਯੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਉ ਬਕ ਧਿਆਨ ਲਗਾਇਉ ॥* (ਸੁਧਾ ਸਵੈਯੇ)

(ਅੱਖਾਂ ਮੀਟ, ਧਿਆਨ ਲਗਾਣ ਦਾ ਨਾਟਕ ਕਰਨ ਨਾਲ ਕੀ ਹੋਵੇਗਾ। ਸੱਤ ਸਮੁੰਦਰਾਂ ਦੇ ਇਸ਼ਨਾਨ ਕਰਨ ਵਿਚ ਆਪਣੀ ਇਹ ਜਿੰਦਗੀ ਤੇ ਅਗਲੀ ਜਿੰਦਗੀ ਗੁਆਣ ਦਾ ਕੀ ਲਾਭ? ਇਹ ਤਾਂ ਮਾਇਆ ਦਾ ਜਹਿਰ ਖਾਣ ਤੇ ਅਪਣਾ ਆਪ ਬਰਬਾਦ ਕਰਨ ਵਾਂਗ ਹੈ। ਸਾਰੇ ਬੜੇ ਧਿਆਨ ਨਾਲ ਮੇਰੀ ਗਲ ਨੋਟ ਕਰ ਲਵੋ- ਪ੍ਰਭੂ ਦੀ ਪ੍ਰਾਪਤੀ ਤਾਂ ਕੇਵਲ ਉਸਨੂੰ ਹੋਵੇਗੀ ਜਿਸ ਪ੍ਰਭੂ ਨਾਲ ਪ੍ਰੀਤ ਲਾਈ ਹੈ।)

*ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥*

(ਸਾਰੀ ਮਨੁੱਖ ਜਾਤ ਨੂੰ ਇਕੋ ਜਿਹਾ ਸਮਝਣਾਂ ਹੈ, ਕੋਈ ਵਿਤਕਰਾ ਨਹੀਂ ਕਰਨਾ।)

*ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ.....॥*

(ਮੰਦਰ ਤੇ ਮਸਜਿਦ ਇੱਕੋ ਹਨ ਤੇ ਪੂਜਾ ਕਰਨ ਦੇ ਵੱਖ ਵੱਖ ਤਰੀਮੇ ਵੀ ਇਕੋ ਹਨ।)

*ਚੂੰਕਾਰ ਅਜ਼ ਹਮਾ ਹੀਲਤੇ ਦਰ ਗੁਜਸ਼ਤ ॥*
*ਹਲਾਲ ਅਸਤ ਬੁਰਦਨ ਬ ਸਮਸ਼ੀਰ ਦਸਤ ॥*

(ਜਦੋਂ ਜ਼ੁਲਮ ਨੂੰ ਠੱਲ ਪਾਉਣ ਦੇ ਸਭ ਸ਼ਾਂਤੀਪੂਰਨ ਹੀਲੇ-ਹਵਾਲੇ ਫੇਲ੍ਹ ਹੋ ਜਾਣ ਤਾਂ ਹਥਿਆਰ ਉਠਾਣਾ ਵਾਜਿਬ ਹੈ।)

ਦੂਜੇ ਲਫਜ਼ਾਂ ਵਿਚ ਸਾਡੇ ਗੁਰੂ ਨੇ ਖਾਲਸਾ ਨੂੰ ਸੰਤ ਸਿਪਾਹੀ ਬਣਾਇਆ ਸੀ। ਉਨ੍ਹਾਂ ਆਪ ਕਿਹਾ ਸੀ 'ਖਾਲਸਾ ਮੇਰੋ ਰੂਪ ਹੈ ਖਾਸ' - ਖਾਲਸਾ ਮੇਰਾ ਖਾਸ ਰੂਪ ਹੈ ਤੇ ਖਾਲਸੇ ਵਿਚ ਹੀ ਨਿਵਾਸ ਹੈ।

ਉਨ੍ਹਾਂ ਇਹ ਵੀ ਐਲਾਨ ਕੀਤਾ:

*"ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ, ਨਹੀਂ ਮੋ ਸੇ ਗਰੀਬ ਕਰੋਰ ਪਰੇ ॥"*

(ਮੈਨੂੰ ਤਾਂ ਸਾਜਿਆ ਹੀ ਖਾਲਸੇ ਨੇ ਹੈ, ਵਰਨਾ ਮੇਰੇ ਵਰਗੇ ਗਰੀਬ ਕਰੋੜਾਂ ਪਏ ਫਿਰਦੇ ਹਨ)

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਰਾਹੀਂ ਇਕ ਆਦਰਸ਼ ਮਨੁੱਖ ਦੀ ਰਚਨਾ ਕੀਤੀ, ਜੋ ਸਾਰੀ ਮਨੁੱਖਤਾ ਨਾਲ ਪਿਆਰ ਕਰਦੇ ਸੇਵਾ-ਸਿਮਰਨ ਵਿਚ ਜੁੜਿਆ ਰਹੇਗਾ ਤੇ ਸਾਰੇ ਉਸ ਵਰਗਾ ਬਣਨਾ ਲੋਚਣਗੇ। ਤਾਂ ਉਹ ਸਾਨੂੰ ਨਿਆਰਾ ਵੇਖਣਾ ਚਾਹੁੰਦੇ ਸਨ- ਜਦੋਂ ਸਾਰੇ ਫੇਲ੍ਹ ਹੋ ਜਾਣ, ਸਾਰੇ ਢਹਿ ਪੈਣ, ਸਾਰੇ ਬੇ-ਈਮਾਨ ਹੋ ਜਾਣ, ਸਾਰੇ ਦੌਲਤ ਤੇ ਤਾਕਤ ਦੇ ਨਸ਼ੇ ਵਿਚ ਮਤਵਾਲੇ ਹੋ ਜਾਣ, ਜੂਏ ਤੇ ਸ਼ਰਾਬ ਦਾ ਬੋਲਬਾਲਾ ਹੋਵੇ, ਖਾਲਸਾ ਸਭ ਤੋਂ ਵੱਖਰਾ ਹੋਵੇਗਾ ਤੇ ਸਭ ਨੂੰ ਜੀਵਨ ਰਾਹ ਵਿਖਾਏਗਾ। ਉਸਦੇ ਆਚਰਣ ਚੋਂ ਇਹ ਗੱਲਾਂ ਪ੍ਰਗਟ ਹੋਣਗੀਆਂ।(ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਹੁਣ ਗੁਰੂ ਗ੍ਰੰਥ ਸਾਹਿਬ ਸਾਡੇ ਸਦੀਵੀ ਗੁਰੂ ਹਨ, ਸੁ ਇਹ ਅਤਿ ਜਰੂਰੀ ਹੈ ਕਿ ਅਸੀਂ ਗੁਰਬਾਣੀ ਦੇ ਹੁਕਮਾਂ ਨੂੰ ਮੰਨੀਏ)

*ਨਾ ਕੋ ਬੈਰੀ ਨਾਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ ॥...* (ਪੰਨਾ 1299)

(ਹੁਣ ਕੋਈ ਵੀ ਮੇਰਾ ਦੁਸ਼ਮਣ ਨਹੀਂ ਰਿਹਾ, ਸਭ ਨਾਲ ਮੇਰੀ ਬਣ ਆਈ ਹੈ।)

*ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧ ਸੰਗਤਿ ਬਣ ਪਾਈ ॥* (ਪੰਨਾ 1299)

(ਇਸ ਪਾਸੇ ਤਾਂ ਇਹ ਅੰਮ੍ਰਿਤ ਦਾ ਨਿਸ਼ਾਨਾ ਹੈ ਤੇ ਦੂਜੇ ਪਾਸੇ ਖ਼ਾਲਸੇ ਦਾ ਕਿਰਦਾਰ ਵੀ ਜਦੋਂ ਤੋਂ ਮੈਨੂੰ ਗੁਰੂ ਦੀ ਸੰਗਤ ਪ੍ਰਾਪਤ ਹੋਈ ਹੈ, ਮੇਰੇ ਅੰਦਰੋਂ ਮੇਰਾ-ਤੇਰਾ ਦੀ ਭਾਵਨਾਂ ਖਤਮ ਹੋ ਗਈ ਹੈ।)

*ਜਾਕੀ ਪ੍ਰੀਤਿ ਗੋਬਿੰਦ ਸਿਉ ਲਾਗੀ ॥ ਦੁਖ ਦਰਦ ਭ੍ਰਮ ਤਾ ਕੀ ਭਾਗੀ ॥* (ਪੰਨਾ 186)

(ਪ੍ਰਭੂ ਨਾਲ ਜਿਸਦਾ ਪਿਆਰ ਪੈ ਜਾਂਦਾ ਹੈ ਉਸਦਾ ਦੁਖ ਦਰਦ ਤੇ ਭਰਮਾਂ ਦਾ ਸੁਭਾਵਿਕ ਹੀ ਨਾਸ਼ ਹੋ ਜਾਂਦਾ ਹੈ।)

*ਕੋਟ ਅਨੰਦ ਹਰਿ ਗੁਨ ਗਾਹੀ ॥* (ਪੰਨਾ 197)

(ਪ੍ਰਭੂ ਦੇ ਗੁਣ ਗਾਣ ਨਾਲ ਕਰੋੜਾਂ ਆਨੰਦ ਪ੍ਰਾਪਤ ਹੁੰਦੇ ਹਨ।)

*ਰਾਮਜਨਾ ਕਉ ਰਾਮ ਭਰੋਸਾ ॥ ਨਾਮ ਜਪਤ ਸਭੁ ਮਿਟਿਉ ਅੰਦੇਸਾ॥* (ਪੰਨਾ 197)

(ਪ੍ਰਭੂ ਦੇ ਸੇਵਕਾਂ ਨੂੰ ਕੇਵਲ ਪ੍ਰਭੂ ਦਾ ਹੀ ਭਰੋਸਾ ਹੁੰਦਾ ਹੈ ਨਾਮ ਦੀ ਜੀਵਨ ਜਾਚ ਪ੍ਰਾਪਤ ਹੋਣ ਨਾਲ ਉਨ੍ਹਾਂ ਦੇ ਸਾਰੇ ਡਰ ਖ਼ਤਮ ਹੋ ਜਾਂਦੇ ਹਨ।)

*ਸਤਿਗੁਰ ਮੇਰਾ ਸਦਾ ਦਇਆਲਾ ਮੋਹਿ ਦੀਨ ਕਉ ਰਾਖਿ ਲੀਆ...... ਹਰ ਅੰਮ੍ਰਿਤ ਮੁਢ ਨਾਮ ਦੀਆ॥* (ਪੰਨਾ 383)

(ਮੇਰੇ ਸਤਿਗੁਰ ਸਦਾ ਹੀ ਦਇਆਲੂ ਹਨ ਤੇ ਮੇਰੇ ਵਰਗੇ ਨਾਲਾਇਕ ਦੀ ਵੀ ਰੱਖਿਆ ਕਰਦੇ ਹਨ, ਉਨ੍ਹਾਂ ਮੇਰੇ ਸਾਰੇ ਰੋਗ ਕਟ ਕੇ ਨਾਮ ਅੰਮ੍ਰਿਤ ਦੀ ਦਾਤ ਦੇ ਕੇ ਸਦਾ ਸੁਖੀ ਕਰ ਦਿੱਤਾ ਹੈ।)

*ਸਤਿਗੁਰ ਪੂਰੇ ਕੀਨੀ ਦਾਤਿ...... ਸੁਖ ਪਾਇਉ ਦਿਨ ਰਾਤਿ ॥* (ਪੰਨਾ 681)

(ਮੇਰੇ ਕਿਰਪਾਲੂ ਪੂਰੇ ਗੁਰੂ ਨੇ ਮੈਨੂੰ ਇਹ ਦਾਤ ਬਖ਼ਸ਼ੀ। ਨਾਨਕ ਨੇ ਘੁੱਟ ਕੇ ਆਪਣੇ ਗੁਰੂ ਚਰਣ ਪਕੜੇ ਤੇ ਅਨੁਭਵ ਕੀਤਾ ਕਿ ਉੱਥੇ ਤਾਂ ਦਿਨ ਰਾਤ ਸੁਖ ਹੀ ਸੁਖ ਹੈ।)

***ਇਹ ਠਗਵਾਰੀ ਬਹੁਤ ਘਰ ਗਾਲੇ॥ ਹਮ ਗੁਰਿ ਰਾਖਿ ਲੀਏ ਕਿਰਪਾਲੇ ॥*** (ਪੰਨਾ 1347)

(ਇਸ ਮਾਇਆ ਠੱਗਣੀ ਨੇ ਅਨੇਕਾਂ ਘਰ ਬਰਬਾਦ ਕੀਤੇ ਹਨ, ਮੇਰੇ ਉਤੇ ਤਾਂ ਦਇਆਲੂ ਗੁਰੂ ਨੇ ਕਿਰਪਾ ਕੀਤੀ ਤੇ ਇਸ ਠਗਵਾਰੀ ਤੋਂ ਮੈਨੂੰ ਬਚਾ ਲਿਆ।)

***ਕਬੀਰ ਸੁਰਗ ਨਰਕ ਤੇ ਮੈਂ ਰਹਿਉ, ਸਤਿਗੁਰ ਕੇ ਪਰਸਾਦਿ ॥*** (ਪੰਨਾ 1370)

ਕਰੀਬ ਸਾਹਿਬ ਕਹਿੰਦੇ ਹਨ ਕਿ ਹੁਣ ਮੈਨੂੰ ਸੁਰਗ-ਨਰਕ ਦੀ ਚਿੰਤ ਨਹੀਂ ਮੈਂ ਤਾਂ ਗੁਰੂ ਕ੍ਰਿਪਾ ਸਦਕਾ ਗੁਰੂ-ਚਰਣਾਂ ਦੇ ਕਮਲ ਦੇ ਆਨੰਦ ਦਾ ਨਿੱਘ ਹਰ ਵੇਲੇ ਮਾਣਦਾ ਹਾਂ।

***ਅਤਿ ਸੁੰਦਰ ਕੁਲੀਨ ਚਤੁਰ, ਮੁਖਿ ਙਿਆਨੀ ਧਨਵੰਤ॥ ਮਿਰਤਕ ਕਹੀਅਹਿ ਨਾਨਕਾ, ਜਿਹ ਪ੍ਰੀਤਿ ਨਹੀਂ ਭਗਵੰਤ ॥*** (ਪੰਨਾ 253)

(ਭਾਵੇਂ ਕੋਈ ਅਤਿ ਸੁੰਦਰ ਹੋਵੇ, ਵੱਡੀ ਕੁਲ ਵਿਚ ਜਨਮਿਆਂ ਹੋਵੇ, ਬਹੁਤ ਚਲਾਕ ਹੋਵੇ ਵੱਡਾ ਗਿਆਨੀ ਹੋਵੇ, ਵੱਡਾ ਧਨਾਢ ਵੀ ਹੋਵੇ, ਪਰ ਜੇ ਉਸ ਅੰਦਰ ਪ੍ਰਭੂ ਪਿਆਰ ਨਹੀ ਤਾਂ ਉਹ ਲਾਸ਼ ਤੋਂ ਵੱਧ ਕੁਝ ਨਹੀਂ।)

***ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥.... ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥*** (ਪੰਨਾ 2)

(ਪ੍ਰਭੂ ਅੱਗੇ ਅਸੀਂ ਕੀ ਪੇਸ਼ ਕਰੀਏ ਕਿ ਉਸਦੇ ਦਰਬਾਰ ਦੇ ਦਰਸ਼ਨ ਹੋ ਜਾਣ ਕੀ ਗਲਾਂ ਕਰੀਏ ਉਸ ਨਾਲ ਕਿ ਪ੍ਰਭੂ ਖੁਸ਼ ਹੋ ਜਾਏ ਤੇ ਪਿਆਰ ਕਰਨ ਲਗ ਪਵੇ ? ਗੁਰੂ ਸਾਹਿਬ ਦਾ ਜਵਾਬ : ਅੰਮ੍ਰਿਤ ਵੇਲੇ ਪ੍ਰਭੂ ਦੇ ਸਚੇ ਨਾਮ ਦੀ ਵਡਿਆਈ ਵਿਚਾਰ ਦੁਆਰਾ ਪ੍ਰਭੂ ਦਰਬਾਰ ਦੇ ਦਰਸ਼ਨ ਤੇ ਪ੍ਰਭੂ ਪਿਆਰ ਪਾਣ ਦੇ ਹੱਕਦਾਰ ਹੋ ਸਕਦੇ ਹਾਂ)

***ਪਿਛਲ ਰਾਤ ਨਾ ਜਾਗਿਓਹਿ ਜੀਵਦੜੋ ਮੁਇਓਹਿ ॥*** (ਪੰਨਾ 1383)

(ਜੋ ਅੰਮ੍ਰਿਤ ਵੇਲੇ ਉਠ ਕੇ ਪ੍ਰਭੂ ਦੀ ਬੰਦਗੀ ਵਿਚ ਨਹੀਂ ਜੁੜਦਾ ਉਹ ਇਕ ਚਲਦੀ-ਫਿਰਦੀ ਲਾਸ਼ ਹੈ)

ਮੈ ਸਾਰੇ ਸਿੱਖਾਂ (ਅੰਮ੍ਰਿਤਧਾਰੀਆਂ, ਜਥੇਦਾਰਾਂ ਤੇ ਅਖੌਤੀ ਧਾਰਮਕ, ਰਾਜਨੀਤਕ ਤੇ ਬੁਧੀਜੀਵੀ ਨੇਤਾਵਾਂ ਨੂੰ ਵੀ ਜੋ ਪੰਥ ਨੂੰ ਗਾਈਡ ਕਰਨ ਦਾ ਵਾਅਦਾ ਕਰਦੇ ਹਨ) ਨੂੰ ਆਪਣੇ ਅੰਦਰ ਝਾਤ ਮਾਰਨ ਦੀ ਬੇਨਤੀ ਕਰਦਾ ਹਾਂ "ਇਸ ਮਨ ਕੋ ਕੋਈ ਖੋਜਹੁ ਭਾਈ" - ਫਿਰ ਉਹ ਆਪ ਹੀ ਫ਼ੈਸਲਾ ਕਰਨ ਕਿ ਸਾਡੇ ਅੰਦਰ ਕਿਤਨਾ ਖ਼ਾਲਸਈ ਜ਼ਜਬਾ ਹੈ। ਮੈਂ ਨਿਰਾਸ਼ਾਵਾਦੀ ਨਹੀਂ, ਪਰ ਸਾਡੇ ਅੰਦਰ ਆਈ ਗਿਰਾਵਟ ਮੈਨੂੰ ਉਤਸ਼ਾਹਿਤ ਨਹੀਂ ਕਰਦੀ ਕਿ ਸਾਡੇ ਕੋਲ ਉਤਸਵ ਮਨਾਣ ਲਈ ਕੁਝ ਹੈ। ਇਸ ਪਾਸੇ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਬਕਮਾਲ ਲੀਡਰਸ਼ਿਪ ਹੈ ਜੋ ਉਨ੍ਹਾਂ ਆਪਣੀ ਆਪਣੇ ਗੁਰੂ ਪਿਤਾ ਆਪਣੇ ਸਾਹਿਬਜਾਦਿਆਂ ਤੇ ਹੋਰ ਅਨਗਿਣਤ ਸਿੱਖਾਂ ਦੀ ਕੁਰਬਾਨੀ ਰਾਹੀਂ ਪੇਸ਼ ਕੀਤੀ ਅਤੇ ਜਿਸ ਤੇ ਹਰ ਸਿੱਖ ਨੂੰ ਮਾਣ ਹੈ। ਪਰ ਦੂਜੇ ਪਾਸੇ ਹੈ ਸਾਡੇ ਮੌਜੂਦਾ ਗਿਰਾਵਟ ਤੇ ਗੁਰੂ ਤੋਂ ਦੂਰੀ ਜੋ ਦਰਸਾਂਦੀ ਹੈ ਕਿ ਅਸੀਂ ਕੇਵਲ ਭੇਖੀ ਖ਼ਾਲਸਾ ਹਾਂ। ਜੇ ਅਸੀਂ ਵਾਕਈ ਸੱਚੇ ਖ਼ਾਲਸਾ ਹੁੰਦੇ ਹਾਂ ਭਾਈ ਗੁਰਦਾਸ ਜੀ (ਜਿਨ੍ਹਾਂ ਦੀ ਬਾਣੀ ਗੁਰਬਾਣੀ ਦੀ ਕੁੰਜੀ ਹੈ) ਦੇ ਸ਼ਬਦਾਂ ਅਨੁਸਾਰ ਸਾਨੂੰ ਇਹੋ ਜਿਹੇ ਹੋਣਾ ਚਾਹੀਦਾ ਸੀ।

***ਸੋਇਨਾ ਰੁਪਾ ਲਖ ਮਣਾ ਭਰੇ ਭੰਡਾਰਾਂ। ਮੋਤੀ ਮਾਣਿਕ ਹੀਰਿਆਂ ਬਹੁ ਮੋਲ ਅਪਾਰਾ।***

***ਗੁਰਸਿਖ ਪੋਹ ਨ ਹੰਗਣੀ ਮਾਧ ਸੰਗਿ ਉਧਾਰਾ ॥*** (ਵਾਰ 38, ਪਉੜੀ 4)

(ਸੋਨਾ ਚਾਂਦੀ ਦੇ ਲੱਖਾਂ ਮਣ ਭੰਡਾਰ ਹੋਣ, ਬੜੇ ਕੀਮਤੀ ਹੀਰੇ ਜਵਾਹਰਾਤ ਤੇ ਮੋਤੀ ਵੀ ਹੋਣ ਲੱਖਾਂ ਮੁਲਕਾਂ ਦੀ ਬਾਦਸ਼ਾਹਤ ਵੀ ਹੋਵੇ, ਰਿਧੀਆਂ-ਸਿੱਧੀਆਂ ਵਸ ਵਿਚ ਆ ਜਾਣ, ਸੁੰਦਰ ਸਿੰਗਾਰ ਲਈ ਗਹਿਣੇ ਵੀ ਹੋਣ, ਲਖਾਂ ਹੀ ਕਾਮਧੇਨਾਂ ਤੇ ਪਾਰਜਾਤ- ਜੋ ਮਨਚਾਹੇ ਫਲ ਦੇ ਸਕਦੇ ਹੋਵਣ - ਚਾਰੇ ਪਦਾਰਥਾਂ ਦੇ ਫਲ ਪ੍ਰਾਪਤ ਹੋ ਸਕਦੇ ਹਨ। ਇਹ ਸਾਰਾ ਕੁਝ ਵੀ ਗੁਰਸਿੱਖ ਨੂੰ ਆਪਣੇ ਵਲ ਆਕਰਸ਼ਤ ਨਹੀਂ ਕਰ ਸਕੇਗਾ। ਕਿਉਂਕਿ ਸਾਧਸੰਗਤ ਦੁਆਰਾ ਉਸ ਤੇ ਗੁਰੂ ਦੀ ਮਿਹਰ ਹੋ ਗਈ ਹੈ ( ਤੇ ਉਹ ਨਾਮ ਨਾਲ ਜੁੜ ਗਿਆ ਹੈ)

***ਲਖ ਕਾਮਣਿ ਲਖ ਕਾਮਰੂਪ ਲਖ ਕਾਮਣਿਆਰੀ। ਸੰਗਲਦੀਪਹੁ ਪਦਮਣੀ ਬਹੁ ਰੂਪ ਸੀਗਾਰੀ।***

***ਗੁਰਮੁਖ ਪੋਹਿ ਨ ਸਕਨੀ, ਸਾਧੁ ਸੰਗਤਿ ਭਾਰੀ॥*** (ਵਾਰ 38, ਪਉੜੀ 2)

(ਕਾਮਰੂਪ ਦੇਸ਼ ਦੀਆਂ ਲੱਖਾਂ ਹੀ ਕਾਮ ਵਾਸਨਾ ਨਾਲ ਭਰੀਆਂ ਔਰਤਾਂ ਹੋਣ, ਸੰਗਲਦੀਪ ਦੀ ਰਾਣੀ ਪਦਮਣੀ ਜਿਸ ਭਰਪੂਰ ਸਿੰਗਾਰ ਕੀਤਾ ਹੋਵੇ। ਇੰਦ੍ਰਪੁਰੀ ਦੀਆਂ ਤੇ ਅਪਸਰਾਂ ਵੀ ਸਿੱਖ ਨੂੰ ਭਟਕਾ ਨਹੀਂ ਸਕਦੀਆਂ ਕਿਉਂ ਕਿ ਉਸ ਨੂੰ ਗੁਰੂ ਕੋਲੋਂ ਸਾਧਸੰਗਤ ਰੂਪੀ ਰਖਿਆ ਕਵਚ ਪ੍ਰਾਪਤ ਹੋ ਗਿਆ ਹੈ।)

ਗੁਰੂ ਆਸ਼ੇ ਤੇ ਜੀਵਨ ਚਲਾਣ ਵਾਲੇ ਟਾਂਵੇਂ - ਟਾਵੇਂ ਗੁਰਸਿੱਖਾਂ ਨੂੰ ਛੱਡਕੇ, ਆਮ ਤੌਰ ਤੇ ਅਸੀਂ ਤਾਂ ਖ਼ਾਲਸੇ ਦਾ ਮਖੌਲ ਬਣਕੇ ਰਹਿ ਗਏ ਹਾਂ। ਯਾਦ ਕਰੀਏ, ਗੁਰੂ ਨੇ ਸਾਨੂੰ ਕੀ ਬਣਾਇਆ ਸੀ, ਤੇ ਇਸ ਸ਼ਤਾਬਦੀ ਦੇ ਸ਼ੁਰੂ ਵਿਚ ਸਾਡਾ ਕਿਰਦਾਰ ਕਿਤਨਾ ਉਚਾ ਸੀ - ਸਾਨੂੰ ਕੁੱਤੇ ਕਹਿਣ ਵਾਲੇ ਸਾਡੇ ਦੁਸ਼ਮਣ ਵੀ ਸਾਡਾ ਸਨਮਾਨ ਕਰਦੇ ਸਨ, ਤੇ ਹੁਣ ਕੀ ਦੁਰਦਸ਼ਾ ਹੋ ਗਈ ਹੈ, ਕੀ ਹੈ ਖਾਲਸੇ ਦੀ 300ਵੀਂ ਵਰ੍ਹੇਗੰਢ ਤੇ ਗੁਰੂ ਨੂੰ ਦਿਖਾਣ ਲਈ ਸਾਡੇ ਕੋਲ? ਜਿਵੇਂ ਕਿ ਆਮ ਹੁੰਦਾ ਹੈ। ਅਸੀਂ ਵੀ ਗੁਰਬਾਣੀ ਦੇ ਸੱਚ ਤੋਂ ਦੂਰ ਹੋਣ ਕਰਕੇ ਅੰਦਰੋਂ ਖਾਧੇ ਗਏ ਹਾਂ। ਸੜ ਗਏ ਹਾਂ ਤੇ ਗੁਰੂ ਸਾਹਿਬ ਦੇ ਕਾਰਨਾਮਿਆਂ ਨੂੰ ਰੁਲਾ ਕੇ ਬਾਹਰਲੇ ਵਿਖਾਵੇ ਰਾਹੀਂ ਆਪਣੀ ਸ਼ਰਧਾ ਸਿਧ ਕਰਨ ਵਿਚ ਮਾਹਿਰ ਬਣ ਗਏ ਹਾਂ। ਕਿਤਨੀ ਬਦਕਿਸਮਤੀ ਹੈ ਕਿ ਸਾਨੂੰ ਹੁਣ ਇਨ੍ਹਾਂ ਗੱਲਾਂ ਤੇ ਕੰਮਾਂ ਜਾਣਿਆ ਜਾਂਦਾ ਹੈ।

1. ਅਸੀਂ ਬਹੁਤ ਸ਼ਰਾਬ ਪੀਣ ਵਾਲੇ ਹਾਂ।
2. ਕੇਸ਼-ਦਾਹੜੀ ਕਟਣ ਵਾਲੇ ਤੇ ਹੋਰ ਕਈ ਤਰ੍ਹਾਂ ਦੀ ਗਿਰਾਵਟ ਦੇ ਸ਼ਿਕਾਰ।

3. ਸਾਡੀ ਕਥਨੀ ਤੇ ਕਰਨੀ ਵਿਚ ਬਹੁਤ ਦੂਰੀ ਹੈ।

4. ਝੂਠ ਬੋਲਣ ਵਾਲੇ ਤੇ ਭਾਈ-ਭਤੀਜਾਵਾਦ ਕਰਨ ਵਾਲੇ।

5. ਆਪਣੀ ਸ਼ਰਧਾਹੀਨਤਾ ਨੂੰ ਰੋਸ਼ਨ-ਦਿਮਾਗ ਦੇ ਧੋਖੇ ਵਿਚ ਛਿਪਾਣ ਵਾਲੇ।

6. ਵਡਿਆਈ, ਪੈਸਾ ਤੇ ਅਕੜਨ ਲਈ ਪੰਥ ਤੇ ਸਿਖ ਭਰਾਵਾਂ ਨੂੰ ਵੇਚਣ ਵਾਲੇ।

7. ਨੂੰਹਾਂ ਨੂੰ ਤੰਗ ਕਰਨ ਵਾਲੇ ਤੇ ਦਾਜ ਲਈ ਉਨ੍ਹਾਂ ਨੂੰ ਸਾੜਨ ਵਾਲੇ।

8. ਜਾਤੀਵਾਦ ਕਰਨ ਵਾਲੇ।

9. ਸੇਵਾ ਤੇ ਸਿਮਰਨ ਨੂੰ ਭੁਲਾਣ ਵਾਲੇ।

ਮੈਂ ਦੁਖੀ ਹੋ ਕੇ ਪੁੱਛਦਾ ਹਾਂ, ਜੇ ਸਾਡੀ ਇਹ ਹਾਲਤ ਹੈ ਤਾਂ ਬਾਹਰਲੇ ਤਮਾਸ਼ਿਆਂ ਦਾ ਕੀ ਲਾਭ ? ਇਹ ਗਲ ਤਾਂ ਸਾਰੇ ਜਾਣਦੇ ਹਨ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਸਾਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਸੀ ਇਸ ਉਮੀਦ ਤੇ ਆਸ਼ੇ ਨਾਲ ਕਿ ਅਸੀਂ ਗੁਰਬਾਣੀ ਅਤੇ ਗੁਰੂ ਦੇ ਹੁਕਮਾਂ ਤੇ ਚਲਾਂਗੇਂ। ਪਰ ਅਸਾਂ ਕੀ ਕੀਤਾ? ਹੋਰਨਾਂ ਵਾਂਗ ਹੀ ਕਰਮਕਾਂਡੀ ਪੂਜਾ ਵਿਚ ਫਸ ਗਏ, ਫੁੱਲ ਚਾੜ੍ਹਨ-ਚੜ੍ਹਾਨ ਵਿਚ ਹੀ ਰਹਿ ਗਏ, ਗੁਰਦੁਆਰਿਆਂ 'ਚ ਸੰਗਮਰਮਰ ਤੇ ਸੋਨਾਂ ਲਗਾਣ ਵਿਚ ਹੀ ਰੁਝੇ ਰਹੇ। ਪੂਜਾ ਦੀ ਭਾਵਨਾਂ-ਅੰਦਰ ਦੀ ਸੁੱਚਤਾ ਤੇ ਪਿਆਰ ਤੇ ਸਾਰੀ ਮਾਨਵਤਾ ਨਾਲ ਇਕੋ ਸਾਂਝ-ਨੂੰ ਉੱਕਾ ਹੀ ਭੁਲ ਗਏ। ਸਿੱਖਾਂ ਵਿਚ ਹੀ ਹੁਣ ਕਈ ਸੰਪ੍ਰਦਾਇ ਹਨ, ਕਈ ਹਨ ਜੋ ਇਕ ਦੂਜੇ ਨੂੰ ਭੰਡਦੇ ਹਨ, ਕਈ ਸੰਤਾਂ ਦੇ ਡੇਰੇ ਹਨ ਜੋ ਆਪਣੀ ਆਪਣੀ ਸਿੱਖੀ ਦਾ ਰਾਗ ਅਲਾਪਦੇ ਹਨ ਤੇ ਗੁਰੂ ਦੇ ਸਿੱਖੀ ਤੋਂ ਦੂਰ ਹੋ ਚੁੱਕੇ ਹਨ। ਹੁਣ ਸਾਰਾ ਕੁਝ ਬਾਹਰਲਾ ਹੀ ਰਹਿ ਗਿਆ ਹੈ। ਅਖੰਡ ਪਾਠਾਂ ਸਮੇਤ-ਭਾਂਵੇ ਹਰਿਮੰਦਰ ਸਾਹਿਬ ਹੋਣ, ਹਜ਼ੂਰ ਸਾਹਿਬ ਯਾਂ ਪਟਨਾ ਸਾਹਿਬ-ਹਰ ਥਾਂ, ਧਾਰਮਕ ਸੁੱਚਤਾ ਤੇ ਧਾਰਮਕਤਾ ਨੂੰ ਭੁਲਾ ਕੇ ਰਾਜਨੀਤਕ ਮਨਸਾ ਹਾਵੀ ਹੋ ਰਹੀ ਹੈ ਤੇ ਨਿੱਜੀ ਲਾਭ ਲਈ ਸਭ ਤੋਂ ਵੱਧ ਬੋਲੀ ਦੇਣ ਵਾਲੇ ਲਈ ਅਸੀਂ ਹੁਣ ਬਿਕਾਊ ਹੋ ਗਏ ਹਾਂ। ਉੱਕਾ ਹੀ ਭੁੱਲ ਗਏ ਹਾਂ ਕਿ ਗੁਰੂ ਹੋ ਕੇ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਚੇਲਾ ਬਣ ਕੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਇਸ ਤੋਂ ਵੱਧ ਗਿਰਾਵਟ ਹੋਰ ਕੀ ਹੋ ਸਕਦੀ ਹੈ। ਕਿ ਅਸੀਂ ਖ਼ਾਲਸਾ ਅਖਵਾਣ ਵਾਲੇ ਦੂਜੇ ਖ਼ਾਲਸਾ ਅਖਵਾਣ ਵਾਲਿਆਂ ਨੂੰ ਹੀ ਭੰਡਦੇ ਹਾਂ ਤੇ ਸਾਡੀ ਹਾਲਤ ਇਤਨੀ ਹਾਸੋਹੀਣੀ ਹੋ ਚੁੱਕੀ ਹੈ ਕਿ ਸਾਡੇ ਕੋਲ ਇੱਕ ਦੂਜੇ ਕੋਲੋਂ ਸਿੱਖੀ ਬਾਬਤ ਸਿਖਣ ਨੂੰ ਕੁਝ ਵੀ ਨਹੀਂ। ਸ਼ਾਇਦ ਇਤਨੀ ਗਿਰਾਵਟ ਅਜੇ ਕਾਫੀ ਨਹੀਂ ਸੀ, ਅਸਾਂ ਹੁਣੇ ਹੀ ਪਿੱਛੇ ਜਿਹੇ ਵੇਖਿਆ ਹੈ ਕਿ ਤਖਤਾਂ ਦੇ ਜਥੇਦਾਰ ਸਾਹਿਬਾਨ ਕਿਵੇਂ ਇਕ ਦੂਜੇ ਤੇ ਖੁਲ੍ਹੇ ਆਮ ਅਖਬਾਰਾਂ ਵਿਚ ਆਰੋਪ ਲਾਉਂਦੇ ਰਹੇ ਤੇ ਗਲੀ ਵਿਚ ਲੜਨ ਵਾਲਿਆਂ ਤੋਂ ਵੀ ਭੈੜਾ ਵਤੀਰਾ ਪ੍ਰਦਰਸ਼ਿਤ ਹੁੰਦਾ ਰਿਹਾ, ਇਸ ਤਮਾਸ਼ੇ ਨੇ ਸਾਨੂੰ ਹੋਰ ਗੈਰਤ ਵਿੱਚ ਸੁੱਟ ਦਿੱਤਾ ਹੈ। ਇਧਰ 1999 ਦੀ ਵਿਸਾਖੀ ਤੀਕਰ ਸਾਰੀ ਖ਼ਾਲਸਾ ਕੌਮ ਨੂੰ ਅੰਮ੍ਰਿਤਧਾਰੀ ਬਨਾਣ ਦੀ ਮੁਹਿੰਮ ਚਲ ਰਹੀ ਸੀ ਤੇ ਉਧਰ ਸਾਡੇ ਸਭ ਤੋਂ ਉਤਮ ਗੁਰਸਿੱਖ ਦਾ ਨਮੂਨਾ ਹੋਣ ਵਾਲਿਆਂ ਅੰਦਰ ਨਿਮਰਤਾ ਤੇ ਸੁੱਚਤਾ ਦੀ ਬੇਹੱਦ ਘਾਟ ਨੇ ਇਹ ਵਿਖਾ ਦਿੱਤਾ ਕਿ ਅਸਾਂ ਹੋਮਵਰਕ ਠੀਕ ਨਹੀਂ ਕੀਤਾ।

ਸਾਡੀ ਇਹ ਕਮਜੋਰੀ ਹੈ ਕਿ ਅਸੀਂ ਕਦੇ ਵੀ ਆਪਣੇ ਅੰਦਰ ਝਾਤੀ ਮਾਰ ਕੇ ਆਪਣੀਆਂ ਕਮਜੋਰੀਆਂ ਨਹੀਂ ਵੇਖਦੇ ਜਦੋਂ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਉਦੇਸ਼ ਸੀ ਕਿ ਖ਼ਾਲਸਾ ਇਕ ਆਦਰਸ਼ ਮਨੁੱਖ ਹੋਵੇਗਾ। ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਗੁਰੂ ਸਾਹਿਬ ਨੇ ਕਿਹਾ ਸੀ ਜਦੋਂ ਤੀਕਰ ਖ਼ਾਲਸਾ ਨਿਆਰਾ ਰਹੇਗਾ, ਮੈਂ ਉਸਨੂੰ ਸਾਰੀ ਤਾਕਤ ਦਿਆਂਗਾ, ਅਸਾਂ ਇਸਨੂੰ Negative ਤਰੀਕੇ ਨਾਲ ਸਹੀ ਕਰ ਦਿਖਾਇਆ।

*ਜਬ ਇਹ ਗਹੈ, ਬਿਪਰਨ ਕੀ ਰੀਤ ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥*

(ਜਦੋਂ ਖ਼ਾਲਸਾ, ਬ੍ਰਾਹਮਣੀ ਆਚਰਣ ਦਾ ਧਾਰਨੀ-ਅਰਥਾਤ ਅੰਦਰੋਂ ਹੋਰ, ਤੇ ਬਾਹਰੋਂ ਹੋਰ-ਬਣੇਗਾ, ਮੈਂ ਉਸ ਦਾ ਸਾਥ ਨਹੀਂ ਦਿਆਂਗਾ।)

ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜ ਗੁਰੂ ਸਾਹਿਬ ਸਾਡਾ ਸਾਥ ਨਹੀਂ ਦੇ ਰਹੇ। ਹਰ ਪਾਸੇ ਸਾਡੀ ਗਿਰਾਵਟ ਇਸਦਾ ਦਾ ਸਬੂਤ ਹੈ। ਸਾਨੂੰ ਕਿਤਨਾ ਪ੍ਰੇਰਿਆ ਗਇਆ। ਕਿਤਨੀਆਂ ਅਪੀਲਾਂ ਹੋਈਆਂ ਕਿ ਸਾਰੇ ਅੰਮ੍ਰਿਤਧਾਰੀ ਸਜਣ ਪਰ ਇਸ ਤੇ ਕੋਈ ਜੋਰ ਨਹੀਂ ਸੀ ਕਿ ਅੰਮ੍ਰਿਤ ਛਕ ਕੇ ਅਸਾਂ ਕੀ ਬਣਨਾ ਹੈ ਤੇ ਸਾਡੇ ਅੰਦਰੋਂ ਕਿਹੜੀਆਂ ਕਮਜੋਰੀਆਂ ਦੂਰ ਹੋਣੀਆਂ ਚਾਹੀਦੀਆਂ ਹਨ। ਸਾਡੇ ਅੰਦਰ ਅੰਮ੍ਰਿਤ ਲਈ ਤਾਂਘ ਤਾਂ ਹੈ ਨਹੀਂ, ਆਪਣੇ ਨਕਸ਼ੇ ਕਦਮ ਤੇ ਚਲਣ ਦਾ ਕੋਈ ਸ਼ੌਕ ਨਹੀਂ ਆਪਣੇ ਸ਼ਹੀਦਾਂ ਤੇ ਕੋਈ ਮਾਣ ਨਹੀਂ, ਗੁਰੂ ਤੇਗ ਬਹਾਦਰ ਤੇ ਚਾਰੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ, ਗੁਰੂ ਨਾਨਕ ਦੇਵ ਜੀ ਤੇ ਦਸਮ ਪਿਤਾ ਦੇ ਪ੍ਰਕਾਸ਼ ਦਿਹਾੜਿਆਂ ਨੇੜੇ, ਸਾਡੇ ਅੰਦਰ ਆਪਾ ਖੋਜਣ ਤਾਂ ਕੋਈ ਗਲ ਨਹੀਂ ਦਿਸਦੀ ਕਿਧਰੇ। ਕਦੇ ਵੀ ਅਸਾਂ ਇਹ ਸੋਚਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਭਾਈ ਮਤੀਦਾਸ, ਭਾਈ ਸਤੀਦਾਸ ਤੇ ਭਾਈ ਦਇਆਲਾ ਅੰਦਰ ਸ਼ਹਾਦਤ ਤੋਂ ਪਹਿਲਾਂ ਕੀ ਭਾਵਨਾਵਾਂ ਉਠ ਰਹੀਆਂ ਹੋਣਗੀਆਂ। ਸਾਡੇ ਗੁਰਪੁਰਬ ਤਾਂ ਹੁਣ ਮੇਲੇ ਬਣ ਕੇ ਰਹਿ ਗਏ ਹਨ।

ਜੇਕਰ ਅਸੀਂ ਗੁਰੂ ਰਾਮਦਾਸ ਜੀ ਦੇ ਬਚਨਾਂ ਤੇ ਚਲ ਕੇ ਸਿੱਖ ਨਹੀਂ ਬਣੇ, ਤਾਂ ਗੁਰੂ ਗੋਬਿੰਦ ਸਿੰਘ ਦੇ ਪਿਆਰ ਦੇ ਹੱਕਦਾਰ ਕਿਵੇਂ ਬਣ ਸਕਦੇ ਹਾਂ।

*ਅੰਤਰਿ ਪਿਰੀ ਪਿਆਰੁ ਕਿਉ ਪਿਰ ਬਿਨੁ ਜੀਵੀਐ ਰਾਮ॥*

*ਜਬ ਲਗੁ ਦਰਸੁ ਨ ਹੋਇ ਕਿਉ ਅੰਮ੍ਰਿਤ ਪੀਵੀਐ ਰਾਮ ॥* ਮ. 4 (ਪੰਨਾ 1113-14)

ਸਾਨੂੰ ਇਹ ਕਦੇ ਨਹੀਂ ਭੁਲਣਾ ਚਾਹੀਦਾ ਕਿ ਅੰਮ੍ਰਿਤ ਤਾਂ ਗੁਰਬਾਣੀ ਦਾ ਹੈ ਜਿਸ ਤੇ ਸਾਰੇ ਗੁਰੂ ਸਾਹਿਬਾਨ ਨੇ ਜੋਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਬਾਹਰਲਾ ਅੰਮ੍ਰਿਤ ਛਕਾ

ਕੇ ਮੌਤ ਦਾ ਡਰ ਮਾਰ ਮੁਕਾਇਆ ਤੇ ਸਾਡੀ ਜਾਤ-ਪਾਤ ਖਤਮ ਕਰ ਦਿਤੀ, ਪਰ ਅਸੀਂ ਅਜੇ ਵੀ ਹਨ੍ਹੇਰੇ ਵਿਚ ਹੀ ਭਟਕ ਰਹੇ ਹਾਂ, ਆਉ ਉਪਰਲੇ ਸ਼ਬਦ ਦੀ ਵਿਚਾਰ ਦੁਆਰਾ ਅੰਮ੍ਰਿਤ ਨੂੰ ਸਮਝਣ ਦੀ ਕੋਸ਼ਿਸ਼ ਕਰੀਏ।

**ਗੁਰੂ ਲਈ ਤੜਪ :** ਮੇਰੇ ਹਿਰਦੇ ਦੀ ਗਹਿਰਾਈ ਵਿੱਚ ਆਪਣੇ ਪ੍ਰਭੂ ਪਤੀ ਲਈ ਪਿਆਰ ਹੈ, ਉਸ ਬਗੈਰ ਮੈਂ ਕਿਵੇਂ ਰਹਿ ਸਕਦੀ ਹਾਂ। ਜਦੋਂ ਤੀਕਰ ਉਸਦੇ ਦਰਸ਼ਨ ਨਹੀਂ ਹੋ ਜਾਂਦੇ, ਮੈਂ ਕਿਵੇਂ ਅੰਮ੍ਰਿਤ ਰਸ ਪੀ ਸਕਦੀ ਹਾਂ? ਬਗੈਰ ਅੰਮ੍ਰਿਤ ਦੇ ਮੈਂ ਰਹਿ ਵੀ ਨਹੀਂ ਸਕਦੀ ਕਿਉਂਕਿ ਬਿਨਾਂ ਪ੍ਰਭੂ ਦੇ ਕੋਈ ਜ਼ਿੰਦਗੀ ਥੋੜਾ ਹੀ ਹੈ? ਰਾਤ-ਦਿਨ ਮੈਂ ਪ੍ਰਭੂ ਲਈ ਚੀਕਾਂ ਮਾਰਦੀ ਹਾਂ, ਉਸਦੀ ਹਜ਼ੂਰੀ ਬਗੈਰ ਤੇ ਬਿਨਾਂ ਉਸਦਾ ਅੰਮ੍ਰਿਤ ਪੀਤੇ ਮੇਰੀ ਪਿਆਸ ਨਹੀਂ ਬੁਝ ਸਕਦੀ। ਪ੍ਰਭੂ ਜੀਉ, ਮੇਰੇ ਤੇ ਕਿਰਪਾ ਕਰੋ ਤਾਂ ਜੋ ਹਰਿਨਾਮ ਦੁਆਰਾ ਹਰ ਵਕਤ ਮੇਰੀ ਸੰਭਾਲ ਹੁੰਦੀ ਰਹੇ। ਮੈਂ ਆਪਣੇ ਗੁਰੂ ਤੋਂ ਸਦਕੇ ਜਾਂਦੀ ਹਾਂ ਸ਼ਬਦ ਦੁਆਰਾ ਮੈਨੂੰ ਪਿਆਰੇ ਪ੍ਰੀਤਮ ਮਿਲੇ।

**ਜਦੋਂ ਮੈਂ ਪ੍ਰਭੂ ਨਾਲ ਰਤੀ ਹੁੰਦੀ ਹਾਂ :** ਆਪਣੇ ਪ੍ਰੀਤਮ ਦੇ ਦਰਸ਼ਨ ਕਰਦਿਆਂ ਹੀ ਅਨੰਦ ਵਿਚ ਆਕੇ ਮੈਂ ਉਸਦੇ ਗੀਤ ਗਾਂਦੀ ਹਾਂ। ਹਿਰਦੇ ਦੇ ਵਿਗਾਸ ਤੇ ਖੇੜੇ ਅੰਦਰ ਮੈਂ ਹਰ ਪਲ ਉਸ ਸੱਚੇ ਨੂੰ ਜਪਦੀ ਹਾਂ, ਉਸਦਾ ਸ਼ਬਦ ਹੀ ਮੇਰਾ ਪਾਰ-ਉਤਾਰਾ ਕਰਦਾ ਹੈ। ਉਸਨੂੰ ਵੇਖੇ ਬਗੈਰ ਹੁਣ ਮੈਨੂੰ ਤਸੱਲੀ ਹੀ ਨਹੀਂ ਹੁੰਦੀ। ਪਤਨੀ ਜੇਕਰ ਹਰ ਵੇਲੇ ਸ਼ਬਦ ਦਾ ਸ਼ਿੰਗਾਰ ਕਰੀ ਰੱਖੇ ਤਾਂ ਉਸਦੀ ਨਿਰੰਤਰ ਯਾਦ ਵਿਚ ਰਹੇਗੀ। ਮੇਰੇ ਪਿਆਰੇ ਪ੍ਰੀਤਮ ਪ੍ਰਭੂ ਜੀਉ, ਆ ਅਗੇ ਜੋਦੜੀ ਹੈ ਕਿ ਮੇਰੀ ਝੋਲੀ ਵਿਚ ਇਹ ਖੈਰ ਪਾ ਦਿਉ ਕਿ ਹਰ ਪਲ ਆਪਦੀ ਹਜ਼ੂਰੀ ਵਿਚ ਰਹਿ ਸਕਾਂ। ਮੈਂ ਆਪਣੇ ਸਤਿਗੁਰੂ ਤੋਂ ਸਦਕੇ ਜਾਂਦੀ ਹਾਂ ਤੇ ਪ੍ਰਭੂ ਦੀ ਯਾਦ ਵਿਚ ਜੁੜੀ ਰਹਿੰਦੀ ਹਾਂ।

**ਮੈਂ ਗੁਣਹੀਨ ਹਾਂ, ਪਰ ਫਿਰ ਵੀ ਗੁਰੂ ਬਗੈਰ ਕਿਵੇਂ ਰਹਿ ਸਕਦੀ ਹਾਂ? :** ਮੈਂ ਤਾਂ ਇਕ ਪਥਰ ਹਾਂ, ਪਰ ਗੁਰੂ ਜਹਾਜ ਹੈ, ਬਗੈਰ ਗੁਰੂ ਦੇ ਮਾਇਆ ਦਾ ਸਾਗਰ ਕਿਵੇਂ ਪਾਰ ਕਰ ਸਕਦੀ ਹਾਂ। ਗੁਰੂ ਜੀਉ ਮੇਰੀ ਮਦਦ ਕਰੋ, ਮੈਨੂੰ ਸੁਖ ਸ਼ਾਂਤੀ ਦੇਣ ਵਾਲਾ ਆਪਣਾ ਸ਼ਬਦ ਦੇ ਦਿਉ, ਮੇਰੇ ਵਰਗੀ ਝੱਲੀ ਤੇ ਮੂਰਖ ਨੂੰ ਵੀ ਤਾਰ ਵਲੋਂ। ਮੈਂ ਤਾਂ ਮੂਰਖ ਹਾਂ ਮਬਗਧ ਹਾਂ, ਅਕਲਹੀਨ ਹਾਂ, ਪਾਪ ਆਪ ਤਾਂ ਅਗੰਮ ਹੋ, ਵੱਡੇ ਹੋ, ਆਪ ਤਕ ਕੋਈ ਪਹੁੰਚ ਨਹੀਂ ਸਕਦਾ। ਹਾਂ ਪਰ ਆਪ ਜਾਣੀ ਜਾਣ ਹੋ, ਦਇਆਲੂ, ਕਿਰਪਾਲੂ ਪ੍ਰਭੂ ਜੀਉ, ਮੈਨੂੰ ਆਪਣੇ ਨਾਲ ਮਿਲਾ ਲਵੋ, ਮੇਰੇ ਅਵਗੁਣਾਂ ਦਾ ਖਿਆਲ ਕਰੋ, ਮੈਂ ਤਾਂ ਨਿਮਾਣੀ ਹਾਂ। ਕਈ ਜਨਮ ਪਾਪ ਕਰਕੇ ਭਟਕੀ ਹਾਂ, ਹੁਣ ਆਪਦੀ ਸ਼ਰਣ ਆਈ ਹਾਂ। ਮੇਰੇ ਤੇ ਰਹਿਮਤ ਕਰੋ। ਮੈ ਤਾਂ ਗੁਰੂ ਚਰਣਾਂ ਨਾ ਚਮੁਟੀ ਬੈਠੀ ਹਾਂ।

**ਪ੍ਰਭੂ ਦੀ ਕਿਰਪਾ ਦਾ ਕਮਾਲ :** ਗੁਰੂ ਪਾਰਸ ਹੈ, ਮੈਂ ਲੋਹਾ। ਗੁਰੂ ਨੇ ਕਿਰਪਾ ਕੀਤੀ, ਆਪਣੀ ਛੋਹ ਬਖਸ਼ ਕੇ ਮੈਨੂੰ ਵੀ ਕੰਚਨ ਬਣਾ ਲਿਆ। ਮੇਰੀ ਅੰਤਰ ਆਤਮਾ ਜਦੋਂ ਗੁਰੂ ਜੋਤ ਨਾਲ ਮਿਲਦੀ ਹੈ ਤਾਂ ਮੇਰੀ ਕਾਇਆ ਵੀ ਸੁੰਦਰ ਹੋ ਉਠਦੀ ਹੈ। ਪ੍ਰਭੂ ਪਤੀ ਜਦੋਂ ਇਸ ਕਾਇਆ-ਕਿਲੇ ਵਿਚ ਆ ਵੱਸਦੇ ਹਨ ਤਾਂ ਮੈਂ ਕਿਵੇਂ ਇੱਕ ਪਲ ਲਈ ਵੀ ਉਨ੍ਹਾਂ ਨੂੰ ਵਿਸਾਰ ਸਕਦੀ ਹਾਂ। ਆਪਣੇ ਗੁਰੂ ਤੋਂ ਮੈਂ ਸਦਕੇ ਜਾਂਦੀ ਹਾਂ ਜਿਦੇ ਸ਼ਬਦ ਦੁਆਰਾ ਮੈਂ ਅਦ੍ਰਿਸ਼ਟ, ਅਗੋਚਰ ਪ੍ਰਭੂ ਨੂੰ ਪਾ ਲਿਆ ਹੈ। ਸੁ ਹੁਣ ਵੇਲਾ ਹੈ, ਜੇ ਗੁਰੂ ਨੂੰ ਭਾਂਵੇ ਤਾਂ ਮੈਂ ਆਪਣਾ ਸੀਸ ਭੇਂਟ ਕਰਦਿਆਂ ਜਿਸਨੇ ਕਿਰਪਾ ਕਰ ਕੇ ਮੇਰਾ ਪ੍ਰਭੂ ਮਿਲਾ ਦਿਤਾ। ਪ੍ਰਭੂ ਜੀਓ ਹੁਣ ਆਪ ਕਿਰਪਾ ਕਰਕੇ ਮੇਰੀ ਰਖਿਆ ਕਰੋ ਤਾਂ ਜੋ ਇਹ ਸੇਵਕ ਆਪ ਵਿਚ ਸਮਾ ਸਕੇ।

**ਸੱਚਾ ਉਤਸਵ ਹੀ ਅਰਥਪੂਰਨ ਹੋ ਸਕਦਾ ਹੈ :** ਖ਼ਾਲਸਾ ਪੰਥ ਦੀ ਸਥਾਪਨਾ ਦੀ 300ਵੀਂ ਵਰ੍ਹੇਗੰਢ ਆਪ ਹੀ ਮਨਾਈ ਜਾਣੀ ਸੀ ਜੇ ਸਾਡੇ ਬਹੁਗਿਣਤੀ ਗੁਰੂ ਅਰਜਨ ਦੇਵ ਜੀ ਦੇ ਇਸ ਸ਼ਬਦ ਦੀ ਪ੍ਰਤੀਕ ਬਣ ਗਈ ਹੁੰਦੀ।

***ਛਡਾਇ ਲੀਓ ਮਹਾਬਲੀ ਤੇ ਅਪਨੇ ਚਰਨ ਪਰਾਤਿ ॥***

***ਨਾਨਕ ਚਰਨ ਗਹੇ ਪ੍ਰਭ ਅਪਨੇ ਸੁਖੁ ਪਾਇਓ ਦਿਨ ਰਾਤਿ॥*** (ਪੰਨਾ 681)

(ਪ੍ਰਭੂ ਨੇ ਕਿਰਪਾ ਕਰਕੇ ਆਪਣੀ ਚਰਣ-ਸ਼ਰਣ ਲੈ ਕੇ ਇਸ ਮਹਾਂਬਲੀ ਮਾਇਆ ਤੋਂ ਮੈਨੂੰ ਛੁਡਵਾ ਲਿਆ। ਉਨ੍ਹਾਂ ਮੈਨੂੰ ਨਾਮ ਦਾ ਅਬਿਨਾਸ਼ੀ ਮੰਤ੍ਰ ਬਖਸ਼ਿਆ ਅਸਲ ਵਿਚ ਪੂਰੇ ਗੁਰੂ ਨੇ ਇਹ ਦਾਤ ਬਖਸ਼ੀ। ਗੁਰੂ ਤੋਂ ਪ੍ਰਾਪਤ ਨਾਮ-ਕੀਰਤਨ ਨੇ ਮੇਰੀ ਪਤ ਰਖ ਲਈ। ਪ੍ਰਭੂ ਦਾ ਇਹ ਬਿਰਦ ਹੈ ਕਿ ਉਹ ਸਦਾ ਆਪਣੇ ਭਗਤਾਂ ਦੀ ਰਾਖੀ ਕਰਦਾ ਹੈ, ਉਸ ਕਿਰਪਾ ਕਰਕੇ ਮੇਰੀ ਰਖਿਆ ਕੀਤੀ। 24 ਘੰਟੇ ਨਿਰੰਤਰ ਪ੍ਰਭੂ ਦੇ ਚਰਣ ਪਕੜ ਕੇ ਮੈਂ ਤਾਂ ਪੱਕੀ ਸੁਖ ਸ਼ਾਂਤੀ ਪਾ ਲਈ ਹੈ)

ਪਰ ਸਾਡਾ ਕੀ ਹਾਲ ਹੈ? ਸਾਡੇ ਕੋਲ ਵੱਡੀਆਂ ਕੋਠੀਆਂ ਅੰਦਰ air conditoned ਕਾਰਾਂ, Five Star ਹੋਟਲ ਹਨ ਤੇ ਘਰ ਵਿਚ ਅਸਾਂ ਸ਼ਰਾਬ ਦੇ ਬਾਰ ਬਣਾਏ ਹੋਏ ਹਨ। ਇਤਨਾਂ ਕੁਝ ਹੁੰਦਿਆਂ ਵੀ ਅਸੀਂ ਅੰਦਰੋਂ ਸੜਦੇ-ਬਲਦੇ-ਕੜ੍ਹਦੇ ਹਾਂ, ਈਰਖਾ ਨਾਲ ਖਾਧੇ ਗਏ ਹਾਂ। ਕਰੋਧ ਹੈ ਸਾਡੇ ਵਿਵਹਾਰ ਵਿਚ ਦੂਜੇ ਨੂੰ ਨੀਵਾਂ ਦਿਖਾਣ ਦੀ ਰੁਚੀ ਤੇ ਸਾਡੀ ਧਾਰਮਕ ਦਿਸਣ ਵਾਲੀ ਜ਼ਿੰਦਗੀ ਵਿਚ ਬਸ ਆਪਣੇ ਆਪ ਨੂੰ ਧੋਖੇ ਵਿਚ ਰਖਣ ਵਾਲੀ ਚਲਾਕੀ ਰਹਿ ਗਈ ਹੈ। ਆਸਾ ਆਤਮਬਲ ਖੁਸ ਗਿਆ ਹੈ, ਖਤਮ ਹੋ ਗਈ ਹੈ ਸਾਡੀ ਸੁੱਚਤਾ ਤੇ ਈਮਾਨਦਾਰੀ ਵਾਲੀ ਸ਼ਰਧਾ ਗੁੰਮ ਹੋ ਗਈ ਹੈ। ਜਿਸਨੇ ਸਾਨੂੰ ਬਾਕੀਆਂ ਨਾਲੋਂ ਨਿਆਰਾ ਬਨਾਨਾਂ ਸੀ ਤੇ ਪੰਜਾਂ ਕਰਾਂਰਾ ਵਾਲੇ ਸਾਡੇ ਬਾਹਰਲੇ ਵੇਸ ਨਾਲ ਸਾਡੀ ਪਛਾਣ ਹੋਣ ਕਰਕੇ, ਸਾਰੀ ਦੁਨੀਆਂ ਨੇ ਸਾਡੇ ਕੋਲ ਆਉਣਾ ਸੀ ਸੁਖ ਸ਼ਾਂਤੀ ਤੇ ਸਕੂਨ ਦੀ ਤਲਾਸ਼ ਵਿਚ। ਪਰ ਹੁਣ ਸਾਡਾ ਸ਼ਿੰਗਾਰ ਹੈ, ਧੋਖੇਵਾਲਾ ਗਿਆਨ, ਰਾਜਨੀਤਕ ਚਲਾਕੀਆਂ, ਨਿਜੀ ਲਾਭ ਤੇ ਅਗੇ ਵਧਣ ਦੀ ਭੁੱਖ। ਆਕੜ ਭਰੀਆਂ ਬਹਿਸਾਂ ਇਸ ਸਚ ਨੂੰ ਨਹੀਂ ਛੁਪਾ ਸਕਦੀਆਂ ਕਿ ਅੰਦਰੋ ਅਸੀਂ ਖੋਖਲੇ ਹੋ ਚੁਕੇ ਹਾਂ। ਗੁਰੂ ਗ੍ਰੰਥ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਹੁਣ ਸਾਡੇ ਗੁਰੂ ਹਨ: ਅੰਮ੍ਰਿਤ ਛਕ ਕੇ ਬਣਨ ਦਾ ਮਤਲਬ ਹੈ ਸਾਡੀ ਜ਼ਿੰਦਗੀ ਗੁਰੂ ਗ੍ਰੰਥ ਸਾਹਿਬ ਦੇ ਅਸੂਲਾਂ ਤੇ ਚਲੇਗੀ। ਸਾਨੂੰ ਇਹ ਖੋਜ ਕਰਨੀ ਚਾਹੀਦੀ ਹੈ ਹੈ ਖਾਸ ਕਰ ਅੰਮ੍ਰਿਤਧਾਰੀਆਂ ਨੂੰ ਕਿ ਅਸੀਂ ਗੁਰੂ ਦੇ ਅੰਮ੍ਰਿਤ ਦੀ ਮਹਾਨਤਾ

ਤੇ ਖਰੇ ਕਿਉਂ ਨਹੀਂ ਉਤਰ ਸਕੇ।

ਉਪਰਲੇ ਦੋ ਸ਼ਬਦਾਂ ਤੋਂ ਇਲਾਵਾ ਗੁਰਬਾਣੀ ਦੀਆਂ ਬਾਕੀ ਤੁਕਾਂ ਦੇ ਪੰਨਾਂ ਨੰਬਰ ਮੈਂ ਨਹੀਂ ਦਿੱਤੇ ਕਿਉਂਕਿ ਸਾਡਾ ਜੀਵਨ ਆਧਾਰ ਹੋਣ ਕਰਕੇ ਇਹ ਤੁਕਾਂ ਤਾਂ ਸਾਡੀ ਜ਼ੁਬਾਨ ਤੇ ਹੋਣੀਆਂ ਚਾਹੀਦੀਆਂ ਹਨ। ਜੇਕਰ ਸਾਡੇ ਗਿਆਨੀ ਕਦੇ ਟਾਈਮ ਕੱਢ ਕੇ ਸਾਡੀ ਗਿਰਾਵਟ ਦੀ ਗਹਿਰਾਈ ਤੇ ਕਿਸੇ ਝਾਤ ਮਾਰਨ ਤੇ ਫਿੱਰ ਸੁਖਸਾਗਰ ਗੁਰੂ ਗ੍ਰੰਥ ਸਾਹਿਬ ਅੰਦਰ ਚੁੱਭੀਆਂ ਲਾ ਕੇ ਇਹ ਸਿੱਖਣ ਕਿ ਅਸੀਂ ਕਿਵੇਂ ਆਪਨੂੰ ਉੱਚਾ ਚੁਕੀਏ ਤਾਂ ਅਸੀਂ ਖ਼ਾਲਸੇ ਦੀ 300ਵੀਂ ਵਰ੍ਹੇਗੰਢ ਦਾ ਉਤਸਵ ਮਨਾ ਸਕਦੇ ਹਾਂ, ਜਪੁ ਜੀ ਸਾਹਿਬ ਦੀਆਂ ਹੇਠਲੀਆਂ ਤੁਕਾਂ ਤੇ ਅਮਲ ਕਰਕੇ ਅਜ ਵੀ ਅਸੀਂ ਆਪ ਸਾਫ ਕਰ ਸਕਦੇ ਹਾਂ :

***ਭਰੀਐ ਮਤਿ ਪਾਪਾ ਕੈ ਸੰਗਿ॥ ਉਹ ਧੋਪੈ ਨਾਵੈ ਕੈ ਰੰਗਿ ॥*** (ਪੰਨਾ 2)

***ਮੂਤ ਪਲੀਤੀ ਕਪੜੁ ਹੋਇ। ਦੇ ਸਾਬੂਣੁ ਲਈਐ ਉਹੁ ਧੋਇ ॥*** (ਪੰਨਾ 2)

ਨਾਮ ਖ਼ਾਲਸਾ ਜੀਵਨ ਦਾ ਮੂਲ ਹੈ ਤੇ ਅੰਮ੍ਰਿਤ ਛਕਣ ਦਾ ਅਰਥ ਹੈ ਸੱਚ ਲਈ ਸ਼ਹੀਦ ਹੋਣ ਦੀ ਰਜ਼ਾਮੰਦੀ। ਅਜੇ ਵੀ ਹਤਾਸ਼ ਹੋਣ ਦੀ ਲੋੜ ਨਹੀਂ ਗੁਰੂ ਸਦ ਬਖਸ਼ਿੰਦ ਹੈ। ਕੋਟ ਪਰਾਧ ਮਿਟੈ ਭੀਤਰ ਜਾ ਗੁਰਮੁਖ ਨਾਮ ਸਮਾਰੈ। ਅਸੀਂ ਇਸ ਬਖਸ਼ਿਸ਼ ਦਾ ਲਾਭ ਉਠਾਈਏ। ਸੰਸਾਰ ਛਡ ਕੇ ਜਦੋਂ ਦਰਗਾਹ ਵਿਚ ਪਹੁੰਚਾਂਗੇ ਤਾਂ ਉਥੇ ਕੇਵਲ ਨਿਆਉਂ ਮਿਲੇਗਾ। ਪਰ ਇਥੇ ਨਿਆਉਂ ਦੇ ਨਾਲ ਰਹਿਮਤ ਹੈ ਤੇ ਸਾਨੂੰ ਮੁਆਫੀ ਮਿਲ ਸਕਦੀ ਹੈ।

ਗੁਰੂ ਕਿਰਪਾ ਕਰੇ, ਸਾਡਾ ਇਹ ਅਖੌਤੀ ਉਤਸਵ ਇਕ ਵਾਹਿਦਾ ਬਣ ਜਾਏ ਕਿ ਅਸੀਂ ਉਹੀਉ ਖ਼ਾਲਸਾ ਬਣਨਾ ਹੈ ਜੋ ਗੁਰੂ ਸਾਹਿਬ ਨੇ 1699 ਈ: ਦੀ ਵਿਸਾਖੀ ਨੂੰ ਬਣਾਇਆ ਸੀ ਤੇ ਆਪਣੇ ਵਰਤਮਾਨ ਗੁਰੂ-ਗੁਰੂ ਗ੍ਰੰਥ ਸਾਹਿਬ ਦੇ ਸੱਚੇ ਸਿੱਖ ਬਣਨਾ ਹੈ।

ਇਕ ਖਾਸ ਉਦੇਸ਼ ਨਾਲ ਤੇ ਜਾਣ ਬੁਝ ਕੇ ਮੈਂ ਗੁਰਬਾਣੀ ਨੂੰ ਇਸ ਲੇਖ ਦਾ ਆਧਾਰ ਬਣਾਇਆ ਜੋ ਸਾਡਾ ਗੁਰੂ ਹੈ। ਸਾਨੂੰ ਇਸ ਗਹਿਰੀ ਨੀਂਦ ਤੋਂ ਜਾਗਣ ਦੀ ਲੋੜ ਹੈ ਕਿ ਕੇਵਲ ਬਾਹਰਲੇ ਕਕਾਰਾਂ ਦਾ ਵਖਾਵਾ, ਖ਼ਾਲਸਾ ਲਗਣ ਵਾਲਾ ਬਾਹਰਲਾ ਰੂਪ, ਸਾਡੀ ਅਮੀਰੀ ਬਾਹਰਲੀ ਖ਼ਾਲਸਈ ਸ਼ਾਨ ਦੇ ਬਾਹਰਲੇ ਦਿਖਾਵੇ, ਸਾਡਾ ਪ੍ਰਚਾਰ, ਮਨਿਸਟ੍ਰੀ ਦੀਆਂ ਸਾਡੀਆਂ ਕੁਰਸੀਆਂ ਯਾ ਰਾਜਨੀਤਕ ਸੋਚ, ਇਹ ਕੁਝ ਸਾਨੂੰ ਗੁਰਮਤ ਗਾਡੀ ਰਾਹ ਤੇ ਵਾਪਸ ਲਿਆ ਸਕਦੇ, ਜੋ ਸਾਡੀ ਹੋਂਦ ਦਾ ਆਧਾਰ ਹੈ ਜਦੋਂ ਤੀਕਰ, ਅਸੀਂ ਭ੍ਰਿਸ਼ਟਾਚਾਰ ਮੁਕਤ ਜੀਵਨ ਦੇ ਧਾਰਣੀ ਨਹੀਂ ਬਣਦੇ, ਸ਼ਰਾਬ ਤੇ ਸੱਤਾ ਦੇ ਨਸ਼ੇ ਤੋਂ ਮੁਕਤ ਨਹੀਂ ਹੁੰਦੇ, ਆਪਸੀ ਝਗੜੇ ਨਹੀਂ ਬੰਦ ਕਰਦੇ, ਬਾਹਰਲੇ ਵਿਖਾਵੇ ਨਾਲ ਹੀ ਸੰਤੁਸ਼ਟ ਰਹਿੰਦੇ ਤੇ ਸਿਖੀ ਕਦਰਾਂ-ਕੀਮਤਾਂ ਤੋਂ ਦੂਰ ਜਾਣ ਵਾਲੀਆਂ ਰੁਚੀਆਂ ਤੋਂ ਸਾਡੀ ਖਲਾਸੀ ਨਹੀਂ ਹੋ ਜਾਂਦੀ। ਸਾਡੇ ਅੰਦਰ ਆਤਮਬਲ ਨਹੀਂ ਆਵੇਗਾ ਤੇ ਅਸੀਂ ਗੁਰੂ ਗੋਬਿੰਦ ਸਿੰਘ ਤੇ ਪਿਆਰੇ ਨਹੀਂ ਬਣ ਸਕਦੇ। ਜਿਨ੍ਹਾਂ ਚਿਰ ਅਸੀਂ ਗਲੀ ਚੰਗੀਆਂ ਆਚਾਰੀ ਬੁਰੀਆਂ ਦਾ ਰਾਹ ਨਹੀਂ ਛੱਡਦੇ ਤੇ ਪੂਰੀ ਈਮਾਨਦਾਰੀ ਨਾਲ ਆਪਣੇ ਜੀਵਨ ਨੂੰ ਗੁਰ ਉਪਦੇਸ਼ਾਂ ਤੇ ਨਹੀਂ ਢਾਲਦੇ, ਜਿਸਦਾ ਮੁੱਢ ਹੈ "ਸਚਹੁ ਉਰੈ ਸਭ ਕੋ ਉਪਰ ਸਚ ਆਧਾਰ," ਸਾਡਾ ਕੁਝ ਬਣਨਾ ਨਹੀਂ।

ਸਾਡੇ ਕਰਮਕਾਂਡੀ ਅਖੰਡ ਪਾਠਾਂ ਦਾ ਕੀ ਨਤੀਜਾ ਹੋਵੇ। ਇਹ ਬੜੇ ਸੁੰਦਰ ਤਰੀਕੇ ਨਾਲ ਕਿਸੇ ਥਾਂ ਇਸ ਤਰ੍ਹਾਂ ਸਮਝਾਇਆ ਗਿਆ ਸੀ – 'ਧਾਰਮਕ ਗ੍ਰੰਥਾਂ ਨੂੰ ਪੜ੍ਹ ਕੇ ਜਾਣਕਾਰੀ ਇਕਤ੍ਰ ਕੀਤੀ ਜਾ ਸਕਦੀ ਹੈ, ਪਰ ਗਿਆਨ ਤੇ ਵਿਵੇਕ ਤਾਂ ਉਨ੍ਹਾਂ ਤੇ ਅਮਲ ਕਰਕੇ ਹੀ ਹਾਸਿਲ ਹੁੰਦਾ ਹੈ।"

ਅਪਣੇ ਅੰਦਰਲੇ ਦਰਦ ਨੂੰ ਪਰਗਟ ਕਰਨ ਵਾਲੇ ਇਸ ਲੇਖ ਨੂੰ ਮੈਂ ਚੜ੍ਹਦੀ ਕਲਾ ਵਾਲੀ ਆਸ ਨਾਲ ਖਤਮ ਕਰਦਾ ਹਾਂ ਕਿਉਂ ਕਿ ਮੈਨੂੰ ਯਕੀਨ ਹੈ ਕਿ ਸਾਡਾ ਪਸ਼ਚਾਤਾਪ ਆਪਣੀ ਗਿਰਾਵਟ ਤੇ ਝਾਤ, ਤੇ ਮੁੜ ਗੁਰਬਾਣੀ ਨਾਲ ਜੁੜਨ ਦਾ ਦ੍ਰਿੜ ਇਰਾਦਾ ਇਹ ਜੋਦੜੀਆਂ, ਗੁਰੂ ਸਾਹਿਬ ਨੂੰ ਮਜਬੂਰ ਕਰਨਗੀਆਂ ਸਾਡੀਆਂ ਭੁਲਾਂ ਬਖਸ਼ਣ ਲਈ ਤੇ ਸਾਡੇ ਅੰਦਰ ਆਪਣੇ ਗੌਰਵਮਈ ਵਿਰਸੇ ਨੂੰ ਮੁੜ ਸੁਰਜੀਤ ਕਰਨ ਦਾ ਉਤਸ਼ਾਹ ਕਰਨਗੀਆਂ, ਆਉ ਸਰਕਾਰੀ ਕਾਨੂੰਨਾਂ ਅਧੀਨ ਤੇ ਰਾਜਨੀਤੀ ਦੁਆਰਾ ਪ੍ਰੇਰਿਤ ਚੋਣਾਂ ਰਾਹੀਂ ਸਥਾਪਿਤ ਕਰਮਕਾਂਡੀ ਗੁਰਦੁਆਰਾ ਪ੍ਰਬੰਧ ਨੂੰ ਸਮਾਪਤ ਕਰੀਏ ਤੇ ਸੱਚੇ ਸੁੱਚੇ ਗੁਰਸਿੱਖ ਪਿਆਰਿਆਂ ਦੇ ਹੱਥ ਗੁਰਦੁਆਰਾ ਪ੍ਰਬੰਧ ਦੀ ਵਾਗਡੋਰ ਸੌਂਪੀਏ। ਸਾਨੂੰ ਸ਼ਿਰੋਮਣੀ ਕਮੇਟੀ ਜੋ ਆਪ ਵੋਟਰਾਂ ਨੂੰ ਬਰਗਲਾ ਕੇ, ਸ਼ਰਾਬ ਪਿਆ ਕੇ ਵੋਟਾਂ ਲੈਂਦੀ ਹੈ, ਤੇ ਫਿਰ ਆਪਣੇ ਮੈਂਬਰਾਂ ਤੇ ਕੋਈ ਕੰਟਰੋਲ ਨਹੀਂ ਕਰ ਸਕਦੀ ਜੇਕਰ ਉਹ ਭਟਕ ਜਾਣ-ਦੁਆਰਾ ਥਾਪੇ ਜਥੇਦਾਰ ਨਹੀਂ ਚਾਹੀਦੇ ਇਕ ਤਾਂ ਆਓ ਨਵਾਂ ਗੁਰਦੁਆਰਾ ਪ੍ਰਬੰਧਕੀ ਢਾਂਚਾਂ ਤਿਆਰ ਕਰੀਏ ਜੋ ਅਕਾਲੀ ਫੂਲਾ ਸਿੰਘ ਵਰਗੇ ਮਾਨਯੋਗ ਜਥੇਦਾਰ ਪੈਦਾ ਕਰੇ। ਜਿਨ੍ਹਾਂ ਅੰਦਰ ਰਣਜੀਤ ਸਿੰਘ ਵਰਗੇ ਮਹਾਰਾਜਾ ਨੂੰ ਵੀ ਸਹੀ ਮਾਰਗ ਦਿਖਾਣ ਦਾ ਆਤਮਬਲ ਸੀ।

ਇਹ ਹੋਵੇਗਾ ਅਸਲੀ ਉਤਸਵ ਤੇ ਖ਼ਾਸਲੇ ਦਾ ਨਵਾਂ ਗੌਰਵ-ਪਵਿਤ੍ਰਤਾ ਕਿਰਦਾਰ, ਸੁੱਚਤਾ, ਦਇਆ, ਜਾਤ-ਪਾਤ ਹੀਨ ਤੇ ਨਾਮ ਦਾ ਜੀਵਨ, ਨਾਲ ਹੀ ਅਨਿਆਇ ਦਾ ਵਿਰੋਧ ਤੇ ਜ਼ੁਲਮ ਦਾ ਟਾਕਰਾ ਕਰਨ ਦੀ ਤਾਕਤ ਜੋ ਸਿੱਖਾਂ ਨੂੰ ਤੇ ਹੋਰਨਾਂ ਨੂੰ ਵਿਖਾਏਗਾ ਕਿ ਹਾਂ ਅਸੀਂ ਹਾਂ ਗੁਰੂ ਗੋਬਿੰਦ ਸਿੰਘ ਦਾ ਖਾਸ ਰੂਪ, ਖਾਲਸਾ, ਜਿਸ ਖਾਲਸੇ ਦੀ ਸਾਰੀ ਦੁਨੀਆਂ ਨੂੰ ਲੋੜ ਹੈ। ■

(ਰੂਪਾਂਤਰ : ਰਮੇਸ਼ ਸਿੰਘ, ਜਮਸ਼ੇਦਪੁਰ)

## ਜ਼ਰੂਰੀ ਬੇਨਤੀ

ਜੇ ਤੁਹਾਡੇ ਕੋਲ 'ਅੰਮ੍ਰਿਤ ਕੀਰਤਨ' ਦੇ ਪੁਰਾਣੇ ਅੰਕ ਪਏ ਹਨ ਅਤੇ ਤੁਸੀਂ ਉਹਨਾਂ ਦੀ ਲੋੜ ਨਹੀਂ ਸਮਝਦੇ ਤਾਂ ਸਾਨੂੰ ਭੇਜਣ ਦੀ ਕਿਰਪਾ ਕਰਨੀ, ਧੰਨਵਾਦੀ ਹੋਵਾਂਗੇ ।

ਅੰਮ੍ਰਿਤ ਕੀਰਤਨ ਟਰਸਟ, 422, ਸੈਕਟਰ 15-ਏ, ਚੰਡੀਗੜ੍ਹ

# ਘਰ ਤੇ ਤਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲਿਖੇ 'ਘਰ' ਸੰਬੰਧੀ ਖੁਲਾਸਾ

ਦਿਆਲ ਸਿੰਘ *

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਿੰਨ ਭਿੰਨ ਰਾਗਾਂ ਵਿਚ ਲਿੱਖੀ ਗੁਰਬਾਣੀ ਦੇ ਦੁੱਪਦੇ, ਤਿੱਪਦੇ, ਚਉਪਦੇ ਅਸਟਪਦੀ, ਛੰਦ ਆਦਿ ਦੇ ਨਾਲ ਥਾਂ ਥਾਂ 'ਘਰ' ਸਿਰਲੇਖ ਆਉਂਦਾ ਹੈ। ਭਾਵ, ਰਾਗ ਮਹਲਾ ਤੇ ਘਰ, ਸ਼ਬਦ ਆਰੰਭ ਹੋਣ ਤੋਂ ਪਹਿਲਾਂ ਲਿਖਿਆ ਹੁੰਦਾ ਹੈ, ਸੰਗੀਤਕ ਤੌਰ ਤੇ 'ਘਰ' ਦੇ ਇਸ ਸੂਖਮ ਭੇਦ ਦੀ ਵੰਡ ਜੋ ਇਕ ਤੋਂ ਸਤਾਰਾਂ ਨੰਬਰ ਤੱਕ ਗਈ ਹੈ, ਉਸ ਬਾਰੇ ਅਜੇ ਤਕ ਸਾਡੇ ਸਿੱਖ ਵਿਦਵਾਨ ਸਹੀ ਨਿਰਣਯ ਨਹੀਂ ਕਰ ਸਕੇ, ਕਿ ਰਾਗ ਵਿਚ ਘਰ ਪਹਿਲਾ ਦੂਜਾ, ਤੀਜਾ, ਚੌਥਾ, ਪੰਜਵਾਂ ਆਦਿ ਜੋ ਲਿਖਿਆ ਹੈ ਉਹ ਤਾਲਾਂ ਦੇ ਚਿੰਨ੍ਹ ਹਨ ਜਾਂ ਗ੍ਰਾਮ, ਮੂਰਛਨਾ, ਸੁਰ, ਗ੍ਰਹਿ, ਨਿਯਾਸ, ਅਪਨਿਯਾਸ ਇਤਿਆਦਿ ਰਾਗ ਭੇਦ । ਕੋਈ ਇਨ੍ਹਾਂ ਨੂੰ ਤਾਲਾਂ ਦੇ ਪ੍ਰਕਾਰ (ਠੇਕੇ) ਆਖਦਾ ਹੈ। ਕੋਈ ਗ੍ਰਾਮ ਮੂਰਛਨਾ ਦੇ ਭੇਦ ਅਤੇ ਕੋਈ ਰਾਗ ਦੇ ਅੰਸ਼, ਗ੍ਰਹਿ, ਨਿਯਾਸ, ਅਪਨਿਯਾਸ ਆਦਿ ਦੇ ਸੁਰ ਸਰਗਮ ਪ੍ਰਸਤਾਰ।

ਪੰਥ ਦੇ ਪ੍ਰਸਿੱਧ ਵਿਦਵਾਨ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ, ਸ੍ਰੀ ਮਾਨ ਡਾ. ਚਰਨ ਸਿੰਘ ਜੀ ਕਰਤਾ (ਬਾਣੀ ਬਿਉਰਾ) ਭਾਈ ਸਾਹਿਬ ਡਾ. ਵੀਰ ਸਿੰਘ ਜੀ, ਪ੍ਰੋਫੈਸਰ ਡਾ. ਸਾਹਿਬ ਸਿੰਘ ਜੀ ਅਤੇ ਹੋਰ ਕਈ ਸਿੱਖ ਵਿਦਵਾਨਾਂ ਨੇ ਜਿਹੜੇ ਵਿਚਾਰ 'ਘਰਾਂ' ਸੰਬੰਧੀ ਲਿਖੇ ਹਨ, ਉਨ੍ਹਾਂ ਨੂੰ ਵਿਚਾਰਨ ਤੋਂ ਇਹੋ ਸਿੱਟਾ ਨਿਕਲਦਾ ਹੈ ਕਿ 'ਘਰ' ਦਾ ਅਰਥ ਤਾਲ ਹੈ ਜਾਂ ਸੁਰ ਸਰਗਮ ਪ੍ਰਸਤਾਰ ਆਦਿ ਦੇ ਭੇਦ। ਪਰ ਸੁਰ, ਅੰਸ਼, ਨਿਯਾਸ, ਗ੍ਰਹਿ, ਮੂਰਛਨਾ ਗ੍ਰਾਮ ਆਦਿ ਨੂੰ ਕਿਸ ਨਿਯਮ ਅਨੁਸਾਰ ਇਕ ਤੋਂ ਸਤਾਰਾਂ ਵਿਚ ਵੰਡਿਆ ਜਾਵੇਗਾ, ਜਾਂ ਜੋੜੀ (ਮ੍ਰਿਦੰਗ) ਦੇ ਤਾਲ ਕਿਸ ਹਿਸਾਬ ਨਾਲ ਮਾਤ੍ਰਾ ਰਾਹੀਂ ਬਣਾਏ ਜਾਣਗੇ। ਇਸ ਦਾ ਖੁਲਾਸਾ ਨਹੀਂ ਕੀਤਾ ਗਿਆ।

ਘਰ ਤਾਲ ਹਨ ਜਾਂ ਸੁਰ ਸਰਗਮ ਪ੍ਰਸਤਾਰ, ਇਸ ਨੂੰ ਸਮਝਣ ਤੋਂ ਪਹਿਲਾਂ ਅਸਾਂ ਨੂੰ ਪੁਰਾਤਨ ਸੰਗੀਤ ਸ਼ਾਸਤ੍ਰਾਂ ਦੀ ਖੋਜ ਕਰਨੀ ਹੋਵੇਗੀ, ਨਾਲੇ ਇਸ ਗੱਲ ਨੂੰ ਵੀ ਧਿਆਨ ਵਿਚ ਰੱਖਣਾ ਹੋਵੇਗਾ ਕਿ ਪ੍ਰਾਚੀਨ ਕਾਲ ਤੋਂ ਰਾਗਾਂ ਅਤੇ ਤਾਲਾਂ ਵਿੱਚ ਕਿਵੇਂ ਪਰਿਵਰਤਨ ਹੁੰਦਾ ਆ ਰਿਹਾ ਹੈ। ਕਿਉਂਕਿ ਅਧੁਨਿਕ ਸਮੇਂ ਵਿੱਚ ਜਿਹੜੇ ਰਾਗ ਤੇ ਤਾਲ ਗਾਏ ਬਜਾਏ ਜਾ ਰਹੇ ਹਨ, ਪੁਰਾਤਨ ਅਤੇ ਮੱਧਕਾਲ ਵਿੱਚ ਉਨ੍ਹਾਂ ਦਾ ਰੂਪ ਕੁਝ ਹੋਰ ਸੀ। ਸੋ ਜਦੋਂ ਤੱਕ ਇਨ੍ਹਾਂ ਸੰਗੀਤਕ ਨੁਕਤਿਆਂ ਨੂੰ ਅਸੀਂ ਸਮਝਾਂਗੇ ਨਹੀਂ, ਉਦੋਂ ਤੱਕ ਆਦਿ ਗ੍ਰੰਥ ਵਿੱਚ ਲਿਖੇ 'ਘਰਾਂ' ਦੀ ਘੁੰਡੀ ਖੁਲ੍ਹਣੀ ਔਖੀ ਹੈ।

ਉਪਰੋਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 'ਘਰ' ਦੀ ਗੁੱਥੀ ਨੂੰ ਖੋਲਣ ਲਈ ਮੈਂ ਪ੍ਰਸ਼ਨ-ਉੱਤਰ ਦੀ ਵਿਧੀ ਨੂੰ ਅਪਣਾਇਆ ਹੈ, ਤਾਂ ਜੋ ਸਾਰੀ ਗੱਲ ਨੂੰ ਵਿਸਥਾਰ ਨਾਲ ਦੱਸਿਆ ਜਾ ਸਕੇ :-

**ਪ੍ਰਸ਼ਨ :- ਗ੍ਰਾਮ, ਮੂਰਛਨਾ ਜਾਂ ਸੁਰ-ਸਰਗਮ ਪ੍ਰਸਤਾਰ ਦਾ ਕੀ ਭਾਵ ਹੈ ?**

ਉੱਤਰ :- ਪੁਰਾਤਨ ਸਮੇਂ ਵਿੱਚ ਸੰਗੀਤ ਸ਼ਾਸਤ੍ਰ ਦੇ ਪੰਡਿਤਾਂ ਨੇ ਰਾਗ ਦੇ ਦਸ ਲੱਛਣ ਕਾਇਮ ਕੀਤੇ ਸਨ। ਭਾਵ ਹਰੇਕ, ਰਾਗ ਵਿੱਚ ਦਸ ਲੱਛਣਾਂ ਦਾ ਹੋਣਾ ਜਰੂਰੀ ਮੰਨਿਆ ਗਿਆ ਸੀ। ਉਹ ਦਸ ਲੱਛਣ ਇਸ ਪ੍ਰਕਾਰ ਸਨ। 'ਗ੍ਰਹਿ,ਅੰਸ਼, ਨਿਯਾਸ, ਅਪਨਿਯਾਸ, ਸਨਿਯਾਸ, ਵਿਨਿਯਾਸ, ਤਾਰ, ਮੰਦ੍ਰ ਅਲਪਤਵ ਤੇ ਬਹੁਤਵ" ਇਨ੍ਹਾਂ ਦਾ ਖੁਲਾਸਾ 'ਗੁਰਮਤਿ ਸੰਗੀਤ ਸਾਗਰ' ਦੇ ਦੂਜੇ ਭਾਗ ਵਿੱਚ ਕੀਤਾ ਹੈ। ਉਂਝ ਅੱਜ -ਕਲ੍ਹ ਇਨ੍ਹਾਂ ਦਸ ਲੱਛਣਾਂ ਦੀ ਥਾਂ ਸੰਗੀਤਕਾਰ ਰਾਗ ਵਿਚ ਕੇਵਲ ਠਾਟ, ਜਾਤੀ, ਵਾਦੀ, ਸੰਵਾਦੀ, ਅਨੁਵਾਦੀ ਤੇ ਵਿਵਾਦੀ ਸੁਰ ਮੰਨਦੇ ਹਨ।

ਮੌਜੂਦਾ ਸਮੇਂ ਵਿੱਚ ਜਿਵੇਂ ਠਾਟ ਪੱਧਤੀ ਅਨੁਸਾਰ ਸੈਂਕੜੇ ਭਿੰਨ ਭਿੰਨ ਪ੍ਰਕਾਰ ਦੇ ਰਾਗ ਬਣੇ ਤੇ ਬਣਾਏ ਜਾ ਸਕਦੇ ਹਨ, ਤਿਵੇਂ ਪ੍ਰਾਚੀਨ ਕਾਲ ਵਿੱਚ ਭੀ ਗ੍ਰਾਮ ਤੇ ਮੂਰਛਨਾ ਰਾਹੀਂ ਰਾਗਾਂ ਦੀ ਉੱਤਪਤੀ ਹੁੰਦੀ ਸੀ। ਵੈਦਿਕ ਕਾਲ ਵਿਚ ਤਿੰਨ ਪ੍ਰਕਾਰ ਦੇ ਗ੍ਰਾਮ ਮੰਨੇ ਜਾਂਦੇ ਸਨ : ਖੜਜ ਗ੍ਰਾਮ, ਮੱਧਮ ਗ੍ਰਾਮ ਤੇ ਗੰਧਾਰ ਗ੍ਰਾਮ। ਗ੍ਰਾਮ ਸ਼ਬਦ ਦਾ ਸਾਧਾਰਨ ਅਰਥ ਹੈ ਪਿੰਡ। ਜਿਵੇਂ-ਪਿੰਡਾਂ ਵਿੱਚ ਕਈ ਜਾ ਤਾਂ ਦੇ ਲੋਕੀਂ ਆਪਣੇ ਪ੍ਰਵਾਰ ਸਹਿਤ ਰਹਿੰਦੇ ਹਨ, ਉਸੇ ਤਰ੍ਹਾਂ ਤਿੰਨ ਗ੍ਰਾਮ ਦੀਆਂ ਮੂਰਛਨਾਂ ਰਾਹੀਂ ਭਿੰਨ ਭਿੰਨ ਜਾਤਾਂ ਦੇ ਰਾਗ ਬਣਾਏ ਜਾਂਦੇ ਸਨ। ਉਨ੍ਹਾਂ ਨੂੰ ਹੀ ਪ੍ਰਵਾਰ ਵਰਗ ਕਿਹਾ ਜਾਂਦਾ ਸੀ। ਗ੍ਰਾਮ ਬਾਈ ਸ਼ਰੁਤੀਆਂ ਤੇ ਕਾਇਮ ਕੀਤੇ ਸਤ ਸੁਰਾਂ ਦੇ ਸਮੂਹ ਨੂੰ ਆਖਦੇ ਹਨ।

ਮੂਰਛਨਾਂ ਤੋਂ ਰਾਗ-ਵਰਗ (ਠਾਟ) ਕਿਵੇਂ ਉਤਪੰਨ ਹੁੰਦੇ ਸਨ, ਇਸ ਨੂੰ ਪਹਿਲਾਂ ਸਮਝਣ ਦੀ ਲੋੜ ਹੈ। ਜਿਵੇਂ ਨਾਦ ਤੋਂ ਸ਼ਰੁਤੀ, ਸ਼ਰੁਤੀ ਤੋਂ ਸੁਰ, ਸੁਰ ਤੋਂ ਸਪਤਕ (ਗ੍ਰਾਮ) ਅਤੇ ਸ਼ੁੱਧ ਵਿਕ੍ਰਿਤ 12 ਸੁਰਾਂ ਦੇ ਸਪਤਕ ਤੋਂ ਗਣਿਤ ਅਨੁਸਾਰ ਉੱਤਰ-ਭਾਰਤੀ (ਹਿੰਦੁਸਤਾਨੀ) ਪੱਧਤੀ ਦੇ 32 ਜਾਂ 36 ਕਰਨਾਟਕੀ ਪਧਤੀ ਅਨੁਸਾਰ 12 ਜਨਕ ਜਨਜ ਠਾਟ (ਮੇਲ) ਬਣਦੇ ਹਨ। ਜਾਂ ਕਿਵੇਂ-ਅਧੁਨਿਕ ਸਮੇਂ ਵਿੱਚ ਬਿਲਾਵਲ, ਕਾਫੀ, ਭੈਰਉ, ਭੈਰਵੀ ਕਲਿਆਣ, ਪੂਰਵੀ, ਟੋਡੀ ਆਦਿ ਠਾਟਾਂ ਤੋ 'ਰਾਗ ਬਣੇ ਹਨ। ਤਿਵੇਂ ਪੁਰਾਤਨ ਸਮੇਂ ਵਿੱਚ ਮੂਰਛਨਾਂ ਰਾਹੀਂ ਰਾਗਾਂ ਦੀ ਉੱਤਪਤੀ ਮੰਨੀ ਜਾਂਦੀ ਸੀ। ਬਤੌਰ ਉਦਾਹਰਣ:-

ਇਕ ਗ੍ਰਾਮ ਵਿੱਚ ਸੱਤ ਮੂਰਛਨਾਂ ਮੰਨੀਆਂ ਹਨ। ਖੜਜ-ਗ੍ਰਾਮ ਦੀਆਂ ਸੱਤ ਮੂਰਛਨਾਂ- ਉਤ੍ਰਾ ਮੰਦ੍ਰਾਂ, ਰਜਨੀ, ਉਤ੍ਰਾਯਤਾ, ਸ਼ੁੱਧ-ਖੜਜ, ਮਸਤਰੀਕ੍ਰਿਤਾ, ਅਸ਼ਵਕ੍ਰਾਂਤਾ ਅਤੇ ਅਭਿਰੁੱਦਗਤਾ। ਖੜਜ ਗ੍ਰਾਮ ਦੀ ਪਹਿਲੀ ਮੂਰਛਨਾਂ ਸ੍ਵ "ਸਾ ਰੇ ਗਾ ਮਾ ਪਾ ਧਾ ਨੀ" ਇਹ ਸੱਤ ਸੁਰ ਸ਼ੁੱਧ (ਤੀਵਰ) ਹਨ। ਅੱਜ ਕੱਲ੍ਹ ਦੀ ਬੋਲ ਚਾਲ ਵਿਚ ਅਸੀਂ ਇਸ ਨੂੰ ਬਿਲਾਵਨ ਠਾਟ ਜਾਂ ਬਿਲਾਵਲ ਰਾਗ

* ਗੁਰਮਤਿ ਵਿਦਿਆਲਾ, ਗੁਰਦੁਆਰਾ ਸ੍ਰੀ ਰਕਾਬ ਗੰਜ, ਨਵੀਂ ਦਿੱਲੀ

ਕਹਾਂਗੇ। ਪਰ ਪੁਰਾਤਨ ਸਮੇਂ ਕੇਵਲ ਇਤਨਾ ਕੁ ਆਖਦੇ ਸੀ ਕਿ ਇਹ ਖੜਜ ਗ੍ਰਾਮ ਦੀ ਪਹਿਲੀ ਮੂਰਛਨਾਂ ਦਾ ਰਾਗ ਹੈ। ਭਾਵ ਇਸ ਰਾਗ ਵਿੱਚ ਸੱਤੇ ਸੁਰ ਸ਼ੁੱਧ ਲਗਦੇ ਹਨ। ਇਸੇ ਪ੍ਰਕਾਰ ਜਦੋਂ ਦੂਜੀ ਮੂਰਛਨਾਂ 'ਅਭਿੱਰੁਦਗਤੀ' ਰਿਖਭ ਸੁਰ ਨੂੰ ਖੜਜ ਮੰਨ ਕੇ "ਸਾ ਰੇ ਗਾ ਮਾ ਪਾ ਧੀ ਨੀ" ਆਰੋਹ ਕਰਾਂਗੇ ਤਾਂ ਇਸ ਦੇ 'ਨਿ ਤੇ ਗਾ' ਦੋ ਸੁਰ ਕੋਮਲ ਹੋ ਜਾਣ ਨਾਲ ਇਹ ਕਾਫੀ ਠਾਟ ਬਣ ਜਾਏ ਗਾ। ਇੰਜ ਇਹ ਖੜਜ ਗ੍ਰਾਮ ਦੀ ਦੂਜੀ ਮੂਰਛਨਾਂ ਦਾ ਰਾਗ (ਠਾਟ) ਹੋਇਆ। ਇਸੇ ਤਰ੍ਹਾਂ ਗੰਧਾਰ ਤੋਂ ਭੈਰਵੀ, ਮੱਧਮ ਤੋਂ ਕਲਿਆਣ ਠਾਟ ਉਤਪੰਨ ਹੋਵੇਗਾ। ਵੇਖੋ ਚਿਤ੍ :-

ਸ ਰ ਗ ਮ ਪ ਧ ਨ ਸ – ਪਹਿਲੀ ਮੂਰਛਨਾਂ ਤੋਂ ਬਿਲਾਵਲ ਠਾਟ।

x ਸ ਰ ਗੁ ਮ ਪ ਧ ਨੁ ਸ – ਦੂਜੀ ਮੂਰਛਨਾਂ ਤੋਂ ਕਾਫੀ ਠਾਟ।

x ਸ ਰੁ ਗੁ ਮ ਪ ਧੁ ਨੁ ਸ – ਤੀਜੀ ਮੂ: ਤੋਂ ਭੈਰਵੀ ਠਾਟ।

x ਸ ਰ ਗ ਮ ਪ ਧ ਨ ਸ – ਚੌਥੀ ਮੂ: ਤੋਂ ਕਲਿਆਣ ਠਾਟ।

ਇੰਝ ਖੜਜ ਗ੍ਰਾਮ ਦੀਆਂ ਸੱਤ ਮੂਰਛਨਾਂ ਤੋਂ ਭਿੰਨ-ਭਿੰਨ ਠਾਟ ਤੇ ਰਾਗ ਉਤਪੰਨ ਕੀਤੇ ਜਾਂਦੇ ਸਨ। ਬਾਕੀ ਸੁਰ-ਸਰਗਮ ਪ੍ਰਸਤਾਰ ਦਾ ਭਾਵ ਕੇਵਲ ਰਾਗ ਦਾ ਸੁਰ-ਵਿਸਥਾਰ (ਅਲਾਪ) ਭਿੰਨ-ਭਿੰਨ ਅਲੰਕਾਰਾਂ ਦੁਆਰਾ ਮੰਦ੍, ਮੱਧਯ ਤੇ ਤਾਰ ਸਪਤਕ ਤਰ ਆਉਂਦੇ ਹੋਏ ਰਾਗ ਦੇ ਸਰੂਪ ਨੂੰ ਪ੍ਰਗਟ ਕਰ ਵਿਖਾਉਣ ਨੂੰ ਆਖਦੇ ਹਨ।

**ਪ੍ਰਸ਼ਨ: – ਗ੍ਰਹਿ, ਅੰਸ਼, ਨਿਯਾਸ, ਅਪਨਿਯਾਸ ਮੂਰਛਨਾਂ ਆਦਿ ਅਤੇ ਸੁਰ- ਸਰਗਮ ਪ੍ਰਸਤਾਰ ਦਾ ਸੰਬੰਧ ਰਾਗ ਨਾਲ ਤਾਂ ਹੈ ਰਿ ਕੀ ਇਨ੍ਹਾਂ ਦਾ ਕੋਈ ਸੰਬੰਧ 'ਘਰ' ਸਿਰਲੇਖ ਨਾਲ ਵੀ ਹੈ ਕਿ ਨਹੀਂ ?**

ਉੱਤਰ :- ਸੰਗੀਤ ਸ਼ਾਸਤ੍ਰ ਨਿਯਮ ਅਨੁਸਾਰ ਇਕ ਸਪਤਕ ਵਿਚ "ਸਾ ਰੇ ਗਾ ਮਾ ਪਾ ਧਾ ਨੀ" ਸੱਤ ਸੁਰ ਸ਼ੁੱਧ ਅਤੇ 'ਰੁ ਗੁ ਮ ਧੁ ਨੁ' ਇਹ ਪੰਜ ਸੁਰ ਵਿਕ੍ਰਿਤ; ਕੁੱਲ ਬਾਰਾਂ ਸੁਰ ਹੁੰਦੇ ਹਨ। ਈਰਾਨੀ ਸੰਗੀਤਕਾਰ ਇਨ੍ਹਾਂ ਬਾਰਾਂ ਸੁਰਾਂ ਨੂੰ ਹੀ ਬਾਰਾਂ ਮੁਕਾਮ ਆਖਦੇ ਸਨ। ਸੋ ਸ਼ਾਸਤ੍ਰ ਦੇ ਨਿਯਮ ਅਨੁਸਾਰ ਰਾਗ ਵਿਚ ਘੱਟੋ ਘੱਟ ਪੰਜ ਸੁਰਾਂ ਦਾ ਹੋਣਾ ਜਰੂਰੀ ਹੈ ਅਤੇ ਵੱਧ ਤੋਂ ਵੱਧ ਸੱਤ- ਅੱਠ ਨੌ ਜਾਂ ਬਾਰਾਂ ਸੁਰ ਹੋ ਜਾਂਦੇ ਹਨ। ਨਾਲੇ ਗ੍ਰਹਿ ਅੰਸ਼ ਨਿਯਾਸ ਆਦਿ ਸੁਰ ਭੀ ਇਨ੍ਹਾਂ ਬਾਰਾਂ ਸੁਰਾਂ ਵਿਚੋਂ ਹੀ ਹੁੰਦੇ ਹਨ। ਭਾਵ ਪੰਜ ਤੋਂ ਘੱਟ ਅਤੇ ਬਾਰਾਂ ਤੋਂ ਵੱਧ ਸੁਰਾਂ ਦਾ ਠਾਟ ਰਾਗ ਗ੍ਰਹਿ ਅੰਸ਼ ਆਦਿ ਕੁਝ ਵੀ ਨਹੀਂ ਹੁੰਦਾ। ਮੇਰਾ ਕਹਿਣ ਦਾ ਭਾਵ ਹੈ ਕਿ ਆਦਿ ਗ੍ਰੰਥ ਵਿੱਚ ਇਕ ਤੋਂ ਸਤਾਰਾਂ ਤਕ 'ਘਰ' ਸਿਰਲੇਖ ਦਾ ਰਾਗਾਂ ਨਾਲ ਉੱਕਾ ਹੀ ਕੋਈ ਸੰਬੰਧ ਨਹੀਂ।

ਪ੍ਰਸ਼ਨ :- ਗੁਰੂ ਸਾਹਿਬਾਨ ਨੇ ਜਿਨ੍ਹਾਂ 31 ਰਾਗਾਂ ਵਿਚ ਬਾਣੀ ਉਚਾਰਣ ਕੀਤੀ ਹੈ ਉਨ੍ਹਾਂ ਵਿਚੋਂ ਕੋਈ ਰਾਗ ਐਸਾ ਹੈ ਜਿਸ ਵਿਚ 1 ਤੋਂ 11 ਤੱਕ 'ਘਰਾਂ' ਦਾ ਉਲੇਖ ਹੋਵੇ। ਨਾਲੇ ਦੱਸੋ ਕਿ 'ਘਰ' ਕਿਸ ਨਿਯਮ ਨਾਲ ਭਿੰਨ ਭਿੰਨ ਰਾਗਾਂ ਵਿੱਚ ਲਿਖੇ ਹਨ ?

ਉੱਤਰ :- ਆਦਿ ਗ੍ਰੰਥ ਵਿੱਚ ਕੇਵਲ 'ਆਸਾ' ਰਾਗ ਹੈ ਜਿਸ ਵਿੱਚ 1 ਤੋਂ 11 ਤਕ 'ਘਰ' ਸਿਰਲੇਖ ਨੰਬਰ ਵਾਰ ਲਿੱਖੇ ਹਨ। ਬਾਕੀ ਰਾਗਾਂ ਵਿਚ ਭੀ 'ਘਰਾਂ' ਦਾ ਵਰਣਨ ਹੈ ਪਰ ਉਨ੍ਹਾਂ ਵਿੱਚ 'ਘਰਾਂ' ਦੀ ਸੰਖਿਆ ਬਹੁਤ ਘੱਟ ਹੈ। ਹਾਂ, ਕਾਨੜਾ ਰਾਗ ਵਿੱਚ 1 ਤੋਂ 12 ਤਕ 'ਘਰਾਂ' ਦਾ ਉਲੇਖ ਹੈ, ਬਾਕੀ ਨਟ ਨਾਰਾਇਣ, ਤੁਖਾਰੀ, ਮਾਲੀ ਗਉੜਾ ਤੇ ਜੈਜਾਵੰਤੀ ਰਾਚ ਰਾਗ ਐਸੇ ਭੀ ਹਨ ਜਿਨ੍ਹਾਂ ਵਿਚ 'ਘਰ' ਸਿਰਲੇਖ ਨਹੀਂ। ਉਂਜ ਜਿਨ੍ਹਾਂ ਸਤਾਈ ਰਾਗਾਂ ਵਿੱਚ 'ਘਰ੍ਹਾਂ' ਦਾ ਉਲੇਖ ਹੈ ਉਹ ਸਭ ਤਰਤੀਬ ਵਾਰ ਹੀ ਲਿਖੇ ਨਜ਼ਰ ਆਉਂਦੇ ਹਨ। ਜਿਵੇਂ :-

ਆਦਿ ਗ੍ਰੰਥ ਵਿੱਚ ਸ੍ਰੀ ਰਾਗ ਪੰਨਾ ੧੪ ਤੋ ਆਰੰਭ ਹੁੰਦਾ ਹੈ। ਉਸ ਵਿੱਚ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਚਉਪਦੇ ਲਿਖੇ ਹਨ, ਉਸ ਤੋਂ ਬਾਦ ਤੀਜੇ, ਚਉਥੇ ਅਤੇ ਪੰਜਵੇਂ ਪਾਤਸ਼ਾਹ ਦੇ ਸ਼ਬਦ ਦਰਜ ਹਨ। ਇਸੇ ਤਰ੍ਹਾਂ 'ਘਰ' ਸਿਲੇਖ ਭੀ ਇੱਕ ਤੋ ਹੀ ਆਰੰਭ ਹੋਵੇਗਾ। ਵੇਖੋ ਪੰਨਾ 18 ਸਿਰੀ ਰਾਗੁ ਮਹੱਲਾ ਪਹਿਲਾ ਘਰੁ ਪਹਿਲਾ, ਫਿਰ ਘਰੁ ਦੂਜਾ ਤੀਜਾ, ਚਉਥਾ ਤੇ ਪੰਜਵਾਂ। ਉਸ ਤੋਂ ਅੱਗੇ ਪੰਨਾ ੨੬ + ਸ੍ਰੀ ਰਾਗੁ ਮ: ੩ ਘਰ ੧, ਮਹਲਾ ੪ ਘਰੁ ੧, ਮਹਲਾ ੫ ਘਰੁ ੧। ਇਸੇ ਤਰ੍ਹਾਂ ਵੇਖੋ ਰਾਗ 'ਆਸਾ' ਜਿਥੇ 'ਘਰਾਂ' ਦੀ ਗਿਣਤੀ ਇਕ ਤੋ ਸਤਾਰਾਂ ਤੱਕ ਹੈ। ਪੰਨਾ ੩੪੭ = ਰਾਗੁ ਆਸਾ ਮ: ੧ ਘਰੁ ੧ ਸੋਦਰੁ। ਅੱਗੇ ਮ: ੧ ਘਰੁ ੨, ੩, ੪ ਤੇ ਘਰੁ ੬।। ਰਾਗੁ ਆਸਾ ਮ: ੩ ਘਰੁ ੨ ਤੇ ਘਰੁ ੮। ਰਾਗੁ ਆਸਾ ਮ: ੪ ਘਰੁ ੨, ੬, ੨ ਤੇ ਰਾਗੁ ਆਸਾਵਰੀ ਮ: ੪ ਘਰੁ ੧੬।। ਹੁਣ ਵੇਖੋ ਪੰਨਾ ੩੭੦ = ਰਾਗੁ ਆਸਾ ਮਹਲਾ ੫ ਘਰੁ ੨, ਘਰੁ ੩, ੫, ੬, ੭, ੮, ੯, ੧੦, ੧੧, ੧੨, ੧੩, ੧੪, ੧੫ ਤੇ ਰਾਗ ਆਸਾਵਰੀ ਮ: ੫ ਘਰੁ ੧੧।। ਬਾਕੀ ਰਾਗਾਂ ਵਿਚ ਭੀ ਇਸੇ ਨਿਯਮ ਦੀ ਵਰਤੋਂ ਹੋਈ ਹੈ। ਭਾਵ ਹਰੇਕ ਰਾਗ ਦੇ ਆਰੰਭ ਵਿੱਚ ਘਰ ਪਹਿਲਾ ਲਿਖਿਆ ਨਜ਼ਰ ਆਉਂਦਾ ਹੈ ਪਰ ਇੱਥੇ ਇੱਕ ਖਾਸ ਗੱਲ ਨੋਟ ਕਰਨ ਵਾਲੀ ਹੈ ਕਿ ਕਈ ਥਾਂ 'ਘਰ' ਨੰਬਰ ਵਾਰ ਨਹੀਂ ਲਿਖੇ, ਉਸ ਦਾ ਕਾਰਨ ਕੇਵਲ ਇਹੋ ਹੈ ਕਿ ਜਿਸ ਤਾਲ 'ਘਰ' ਵਿੱਚ ਜਿਸ ਗੁਰੂ ਸਾਹਿਬਾਨ ਦੇ ਸ਼ਬਦ ਗਾਏ, ਉਨ੍ਹਾਂ ਨੂੰ ਉਸੇ ਤਾਲ ਵਿੱਚ ਲਿਖਿਆ ਹੈ। ਇਸ ਕਾਰਣ ਨੰਬਰ ਅੱਗੇ-ਪਿੱਛੇ ਨਜ਼ਰ ਆਉਂਦੇ ਹਨ।

**ਪ੍ਰਸ਼ਨ :- ਇੱਕ ਤੋਂ ਸਤਾਰਾਂ ਤੱਕ ਜੇ 'ਘਰ' ਸਿਰਲੇਖ ਕੇਵਲ ਆਸਾ ਰਾਗ ਵਿੱਚ ਹੀ ਹੈ ਤਾਂ ਸ਼ੰਕਾ ਕਿਸ ਗੱਲ ਦੀ। ਕਿਉਂਕਿ ਪ੍ਰਚਾਨੀ ਪੱਧਤੀ ਅਨੁਸਾਰ ਇਹ ਖੜਜ-ਗ੍ਰਾਮ ਦੀ ਪਹਿਲੀ ਮੂਰਛਨਾਂ ਦਾ ਰਾਗ ਹੈ ਅਤੇ ਅਧੁਨਿਕ ਠਾਟ (ਮੇਲ ਪੱਧਤੀ ਅਨੁਸਾਰ ਆਸਾ ਬਿਲਾਵਲ ਠਾਟ ਦਾ ਰਾਗ ਹੈ। ਜੇ ਮੂਰਛਨਾਂ ਬਦਲਾਂਗੇ ਤਾਂ (ਠਾਟ) ਰਾਗ ਤਬਦੀਲ ਹੋ ਜਾਵੇਗਾ। ਸੋ ਇਹ ਗੱਲ ਤਾਂ ਸਪਸ਼ਟ ਹੋ ਗਈ ਕਿ ਰਾਗ ਦੇ ਰੂਪ ਦੇ ਰੂਪ ਨੂੰ ਦਰਸਾਉਣ ਵਾਲੇ ਗ੍ਰਹਿ, ਅੰਸ਼, ਮੂਰਛਨਾਂ ਆਦਿ ਦਾ ਘਰ ਸਿਰਲੇਖ ਨਾਲ ਕੋਈ ਸੰਬੰਧ ਨਹੀਂ। ਹੁਣ ਦੱਸੋ ਕਿ ਘਰ ਦਾ ਤਾਲ ਨਾਲ ਕੀ ਸੰਬਧ ਹੈ ਅਤੇ 1 ਤੋਂ 11 ਤੱਕ ਆਸਾ ਰਾਗ ਵਿਚ ਜਿਹਨੇ ਘਰ ਲਿਖੇ ਹਨ ਉਨ੍ਹਾਂ ਨੂੰ ਮਾਤ੍ਰਾਂ ਜਾਂ ਤਾਲੀਆਂ ਰਾਹੀਂ ਭਿੰਨ-ਭਿੰਨ**

ਤਾਲਾਂ ਵਿੱਚ ਕਿਵੇਂ ਵੰਡਾਂਗੇ। ਭਾਵ ਵੱਖੋ ਵੱਖ ਤਾਲ ਕਿਸ ਨਿਯਮ ਨਾਲ ਬਣਾਏ ਜਾਣਗੇ।

ਉੱਤਰ: ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਿਹੜੇ ਦੁੱਪਦੇ, ਤਿੱਪਦ, ਚਉਪਦੇ, ਅਸਟਪਦੀਆਂ, ਛੰਤ, ਪੜਤਾਲਾਂ ਘਰ ਸਿਰਲੇਖ ਹੇਠ ਦਰਜ ਹਨ, ਉਨ੍ਹਾਂ ਨੂੰ ਗੁਰੂ ਘਰ ਤੇ ਰਾਗੀ, ਰਬਾਬੀ (ਕੀਰਤਨੀਏ) ਭਿੰਨ ਭਿੰਨ ਤਾਲਾਂ ਵਿੱਚ ਗਾਉਂਦੇ ਬਜਾਉਂਦੇ ਸਨ। ਹੁਣ ਤੋਂ ਚਾਰ ਪੰਜ ਸੌ ਸਾਲ ਪਹਿਲਾਂ ਜਿਨ੍ਹਾਂ ਸ਼ਬਦ ਰੀਤਾਂ ਨਾਲ ਮ੍ਰਿਦੰਗ ਤੇ ਤਾਲ ਵਜਾਉਂਦੇ ਸਨ। ਉਨ੍ਹਾਂ ਵੱਡੇ ਵੱਡੇ ਤਾਲਾਂ ਵਿੱਚ ਰਾਗੀ ਸਿੰਘਾਂ ਨੇ ਗਾਉਂਦਾ ਕਿਉਂ ਬੰਦ ਕਰ ਦਿੱਤਾ,ਉਸ ਦਾ ਕੀ ਕਾਰਣ ਸੀ, ਇਸ ਦਾ ਖੁਲਾਸਾ ਅੱਗੇ ਕੀਤਾ ਹੈ।

ਪੰਥ ਦੇ ਪ੍ਰਸਿੱਧ ਵਿਦਵਾਨਾਂ ਨੇ ਅਕਸਰ ਘਰ ਦਾ ਅਰਥ ਤਾਲ ਹੀ ਦੱਸਿਆ ਹੈ। ਪਰ ਜਿਵੇਂ ਅਸਾਂ ਪਿੱਛੇ ਜ਼ਿਕਰ ਕੀਤਾ ਸੀ ਕਿ ਇੱਕ ਤੋਂ ਸਤਰਾਂ ਤੱਕ ਘਰਾਂ ਨੂੰ ਤਾਲਾਂ ਵਿੱਚ ਮਾਤ੍ਰਾਂ ਜਾਂ ਤਾਲੀਆਂ ਰਾਹੀਂ ਕਿਵੇਂ ਵੰਡਿਆ ਜਾਏਗਾ, ਇਸ ਦਾ ਵੇਰਵਾ ਕਿਸ ਨੇ ਦਿੱਤਾ ਨਹੀਂ। ਜਿਵੇਂ ਭਾਈ ਸਾਹਿਬ ਡਾ. ਵੀਰ ਸਿੰਘ ਜੀ ਨੇ ਲਿਖਿਆ ਹੈ ਕਿ "ਸ੍ਰੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਸੰਤ ਸਿੰਘ ਜੀ ਘਰਾਂ ਨੂੰ ਤਾਨਾਂ ਦੀਆਂ ਮਾਤ੍ਰਾਂ ਨੂੰ ਲੈ ਕੇ ਕੀਤੇ ਕਰਦੇ ਸਨ।" ਕਿਵੇਂ ਕੀਤਾ ਕਰਦੇ ਸਨ ਇਸ ਦਾ ਖੁਲਾਸਾ ਉਨ੍ਹਾਂ ਨਹੀਂ ਕੀਤਾ। ਮੇਰੇ ਪੂਜ ਉਸਤਾਦ ਗਿਆਨੀ ਹਰਦਿੱਤ ਸਿੰਘ ਜੀ ਅਤੇ ਸ੍ਰੀ ਅੰਮ੍ਰਿਤਸਰ ਦੇ ਪ੍ਰਸਿੱਧ ਰਬਾਬੀ ਭਾਈ ਤਾਬਾਂ ਜੀ ਦੀ ਮਾਤ੍ਰਾਂ ਤੇ ਤਾਲੀਆਂ ਰਾਹੀਂ ਤਾਲ-ਵੰਡ ਕਰਦੇ ਸਨ। ਭਾਵ ਇੱਕ ਤੋਂ ਦੱਸ ਘਰ ਤੱਕ ਤਾਲੀਆਂ ਰਾਹੀਂ ਵੰਡਣਾਂ ਅਤੇ ਉਸ ਤੋਂ ਅੱਗੇ ਮਾਤ੍ਰਾਂ ਰਾਹੀਂ ਸਤਾਰਾਂ ਘਰ ਪੂਰੇ ਕਰਨੇ। ਜਿਵੇਂ :- ਘਰੁ ਪਹਿਲਾ- ਤਾਲ ਦਾਦਰਾ (ਮਾਤ੍ਰਾਂ ੬ ਤਾਲੀ ਇੱਕ) ਘਰੁ ਦੂਜਾ- ਰੂਪਕ ਤਾਲ ( ਮਾਤ੍ਰਾ ੯ ਤਾਲੀ ਦੋ) ਘਰੁ ਤੀਜਾ - ਤਿੰਨ ਤਾਲ (ਮਾਤ੍ਰਾ ੧੬ ਤਾਲੀ ਤਿੰਨ) ਘਰੁ ਚਉਥਾ-ਚਾਰ ਤਾਲ (ਮਾਤ੍ਰਾ 12 ਤਾਲੀ ਚਾਰ) ਘਰੁ ਪੰਜਵਾਂ- ਪੰਜਤਾਲ (ਮਾਤ੍ਰਾ 14 ਤਾਲੀ ) ਘਰੁ ੬ - ਖਟਤਾਲ (ਮਾਤ੍ਰਾ ੧੮ ਤਾਲੀ ੬) ਇਸੇ ਤਰ੍ਹਾਂ ਮੱਤ ਤਾਲ, ਅਸਟ ਮੰਗਲ ਤਾਲ, ਮੋਹਨੀ ਤਾਲ, ਤੇ ਬ੍ਰਹਮਤਾਲ (ਮਾਤ੍ਰਾ ੨੮ ਤਾਲੀ ੧੦) ਇੱਥੋਂ ਤੱਕ ਦਸ ਘਰਾਂ ਨੂੰ ਮ੍ਰਿਦੰਗ ਦੀਆਂ ਤਰਾਂ (ਤਾਲਾ) ਨੂੰ ਤਾਲੀਆਂ ਵਿਚ ਵੰਡਣਾਂ ਅਤੇ ੧੧ ਤੋਂ ਸਤਾਰਾਂ ਤੱਕ ਮਾਤ੍ਰਾਂ ਰਾਹੀਂ ਤਾਲ ਪੂਰੇ ਕਰਦੇ ਸਨ। ਭਾਂਵੇਂ ਉਹ ਇੱਕ ਤੋਂ ਸਤਾਰਾਂ ਤਕ ਘਰ ਪੂਰੇ ਕਰਦੇ ਸੀ, ਪਰ ਉਹ ਆਪ ਭੀ ਇਸ ਤਾਲ ਵੰਡ ਤੋਂ ਸੰਤੁਸ਼ਟ ਨਹੀਂ ਸਨ। ਕਿਉਂਕਿ ਦੋ ਨਿਯਮ ਕਾਇਮ ਕਰਨਾ ਹੀ ਗਲਤ ਹੈ।

ਪ੍ਰਾਚੀਨ ਤਾਲ ਸ਼ਾਸਤ੍ਰਾਂ ਨੂੰ ਘੋਖਣ ਤੋਂ ਪਤਾ ਚਲਦਾ ਹੈ ਕਿ ਹੁਣ ਤੋਂ ਚਾਰ-ਪੰਜ ਸੌ ਸਾਲ ਪਹਿਲਾਂ ਮ੍ਰਿਦੰਗ ਤੇ ਅਕਸਰ ਵੱਡੇ-ਵੱਡੇ ਤਾਲ ਵਜਾਉਣ ਦਾ ਰਿਵਾਜ ਸੀ। ਜਿਨ੍ਹਾਂ ਵਿਚ ਇਸ ਤੋਂ ਅੱਗੇ ੧੫ ,੧੧, ੧੯, ੨੧, ੨੩, ੨੫,੨੧, ੨੯, ੩੧ ਤਕ ਤਾਲੀਆਂ ਦਾ ਪ੍ਰਯੋਗ ਹੁੰਦਾ ਸੀ। ਇਥੇ 'ਮ੍ਰਿਤੰਗ ਸਾਗਰ" ਕਰਤਾ ਉਸਤਾਦ ਘਨਸ਼ਯਾਮ (ਮਾਰਵੜ) ਦੇ ਗ੍ਰੰਥ ਵਿੱਚੋਂ ਖਟਮੁਖੀ-ਤਾਲ ਦਾ ਵਰਨਣ ਬਤੌਰੇ ਉਦਾਹਰਨ ਕਰਦਾ ਹਾਂ : ਇਸ ਤਾਲ ਵਿਚ ਪਹਿਲਾਂ ਝਪਤਾਲ (ਮ: ੧੦, ਤਾਲੀ ੩) ਦੂਜਾ ਰੂਪਕ (ਮਾ: ੧ ਤਾਲੀ ੨) ਤੀਜਾ-ਤਿੰਨਤਾਲ (ਮਾ: ੧੬ ਤਾਲੀ ੩) ਚੌਥਾ ਚਾਰਤਾਲ (ਮਾ: ੧੨ ਤਾਲੀ ੪) ਪੰਜਵਾਂ- ਪੰਜਤਾਲ (ਮਾ: ੧੫ ਤਾਲੀ ੫) ਛੇਵਾਂ-ਖਟਤਾਲ (ਮਾਤ੍ਰੇ ੧੮ ਤਾਲੀ ੬) ਇੰਜ ਇਹ 18 ਮਾਤ੍ਰਾਂ ਦਾ ਤਾਲ ਬਣਿਆ ਹੈ ਇਸ ਵਿੱਚ 23 ਤਾਲੀਆਂ ਲਗਦੀਆਂ ਹਨ। ਇਸੇ ਤਰ੍ਹਾਂ ਹੋਰ ਵੀ ਵੱਡੇ ਵੱਡੇ ਤਾਲ ਇਸ ਗ੍ਰੰਥ ਵਿੱਚ ਲਿਖੇ ਹਨ। ਉਨ੍ਹਾਂ ਨੂੰ ਇੱਥੋਂ ਲਿਖਣ ਦੀ ਲੋੜ ਨਹੀਂ । ਕਿਉਂਕਿ ਇਨ੍ਹਾਂ ਵਿੱਚੋਂ ਕੁਝ ਤਾਲ ਮੈ (ਤਬਲਾ ਮ੍ਰਿਦੰਗ ਸਾਗਰ) ਪੁਸਤਕ ਵਿੱਚ ਲਿਖੇ ਹਨ।

ਉਪਰੋਕਤ ਮ੍ਰਿਦੰਗ ਵਾਦਯ ਤੇ ਬਜਣ ਵਾਲੇ ਤਾਲਾਂ ਦਾ ਸੰਖੇਪ ਵਿਚ ਵਰਣਨ ਕਰਨ ਦਾ ਭਾਵ ਇਹੋ ਹੈ ਕਿ ਰਾਗ ਆਸਾ ਵਿਚ ਜਿਹੜੇ ਇੱਕ ਤੋਂ ਸਤਾਰਾਂ ਨੰਬਰ ਤੁੱਕ ਘਰ ਲਿਖੇ ਹਨ ਉਨ੍ਹਾਂ ਦਾ ਤਾਨਾਂ ਦੀ ਮਾਤ੍ਰਾਂ ਨਾਲ ਵੀ ਕੋਈ ਸੰਬੰਧ ਨਹੀਂ, ਕੇਵਲ ਭਿੰਨ-ਭਿੰਨ ਤਾਲਾਂ ਵਿੱਚ ਤਾਲ ਦੀ ਵੰਡ (ਖੰਡ) ਅਨੁਸਾਰ ਤਾਲੀਆਂ ਨਾਲ ਸੰਬੰਧ ਹੈ। ਹੁਣ ਹੇਠਾਂ ਉਨ੍ਹਾਂ ਤਾਲਾਂ ਦੀ ਹੀ ਵੇਰਵਾ ਦਿੱਤਾ ਜਾਂਦਾ ਹੈ ਜਿਹੜੇ ਇੱਕ ਤੋ ਸਤਾਰਾਂ ਤਕ ਆਦਿ ਗ੍ਰੰਥ ਦੇ ਆਸਾ ਰਾਗ ਵਿਚ ਦਰਜ ਹਨ :

ਘਰੁ ੧ ਦਾਦਰਾ ਤਾਲ ( ਮਾਤ੍ਰਾ ੬ ਤਾਲੀ ੧)
ਘਰੁ ੨ ਰੂਪਕ ਤਾਲ (ਮਾਤ੍ਰਾ ੭ ਤਾਲੀ ੨)
ਘਰੁ ੩ ਤਿੰਨ ਤਾਲ (ਮਾਤ੍ਰਾ ੧੬ ਤਾਲੀ ੩)
ਘਰੁ ੪ ਚਾਰ ਤਾਲ (ਮਾਤ੍ਰਾ ੧੨ ਤਾਲੀ ੪)
ਘਰੁ੫ ਪੰਜ ਤਾਲ (ਮਾਤ੍ਰਾ ੧੫ ਤਾਲੀ ੫)
ਘਰੁ ੬ ਖਟਤਾਲ (ਮਾਤ੍ਰਾ ੧੮ ਤਾਲੀ ੬)
ਘਰੁ ੭ ਸੱਤ ਤਾਲ (ਮਾਤ੍ਰਾ ੨੧ ਤਾਲੀ ੭)
ਘਰੁ ੮ ਅਸਟ ਮੰਗਲ (ਮਾਤ੍ਰਾ ੨੨ ਤਾਲੀ ੮ )
ਘਰੁ ੯ ਮੋਹਿਨੀ ਤਾਲ ( ਮਾਤ੍ਰਾ ੨੩ ਤਾਲੀ ੯)
ਘਰੁ ੧੦ ਬ੍ਰਹਮ ਤਾਲ (ਮਾਤ੍ਰਾ ੨ ਤਾਲੀ ੧੦)
ਘਰੁ ੧੧ ਰੁੱਦ ਤਾਲ (ਮਾਤ੍ਰਾ ੩੨ ਤਾਲੀ ੧੧)
ਘਰੁ ੧੨ ਵਿਸ਼ਨੂ ਤਾਲ (ਮਾਤ੍ਰਾ ੩੬ ਤਾਲੀ ੧੨)
ਘਰੁ ੧੩ ਮੁਚੁਕੁੰਦ ਤਾਲ (ਮਾਤ੍ਰਾ ੩੪ ਤਾਲੀ ੧੩)
ਘਰੁ ੧੪ ਮਾਹਾਸ਼ੰਨੀ ਤਾਲ (ਮਾਤ੍ਰਾ ੪੨ ਤਾਲੀ ੧੪)
ਘਰੁ ੧੫ ਮਿਸ੍ਰ ਬਰਣ ਤਾਲ (ਮਾਤ੍ਰਾ ੪੭ ਤਾਲੀ ੧੫)
ਘਰੁ ੧੬ ਕੁੱਲ ਤਾਲ ਨੰ: ੨ (ਮਾਤ੍ਰਾ ੪੨ ਤਾਲੀ ੧੬)
ਘਰੁ ੧੭ ਚਰਚਰੀਤਾਲ (ਮਾਤ੍ਰਾ ੪੦ ਤਾਲੀ ੧੭)

ਇਨ੍ਹਾਂ ਤੋਂ ਅੱਗੇ ਲਛਮੀ ਤਾਲ ਮਾਹਾ ਇਛਾਤਾਲ, ਸਿੰਹਵਿਕ੍ਰਮਤਾਲ ਇਤਆਦਿ ਤਾਲ ਵੀ ਪੁਰਾਤਨ ਗ੍ਰੰਥਾਂ ਵਿੱਚ ਲਿਖੇ ਹਨ।

ਪ੍ਰਸ਼ਨ :- ਆਦਿ ਗ੍ਰੰਥ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਭਿੰਨ ਭਿੰਨ 15 ਰਾਗਾਂ ਵਿੱਚ ਦਰਜ ਹੈ ਪਰ ਉੱਥੇ ਰਾਗ ਤੇ ਮ: ੯ ਦੇ ਨਾਲ ਘਰ ਸਿਰਲੇਖ ਨਹੀਂ ਲਿਖਿਆ ਉਸ ਦਾ ਕੀ ਕਾਰਣ ਹੈ ? "ਏਕ ਸੁਆਨ ਕੈ ਘਰਿ ਵਾਗਣਾਂ ਪਹਰਿਆ ਕੈ ਘਰਿ ਵਾਗਣਾਂ ਜਾਂ ਧਾਨੜੀਏ ਕੈ ਘਰਿ ਗਾਵਣਾਂ" ਇਸ ਦਾ ਕੀ ਭਾਵ ਅਰਥ ਹੈ ?

ਉੱਤਰ :- ਪ੍ਰਾਚੀਨ ਕਾਲ ਵਿੱਚ ਅਕਸਰ ਮ੍ਰਿਦੰਗ ਸਾਜ

ਹੀ ਵਜਾਇਆ ਜਾਂਦਾ ਸੀ ਪਰ ਜਿਵੇਂ ਸਮੇਂ ਅਨੁਸਾਰ ਹਰ ਚੀਜ਼ ਤਬਦੀਲ ਹੋ ਜਾਂਦੀ ਹੈ ਕਿਵੇਂ ਸੋਲ੍ਹਵੀਂ ਸਦੀ ਤੋਂ ਬਾਦ ਧਰੁਪਦ ਧਮਾਰ ਦੇ ਨਾਲ ਖਯਾਲ ਠੁਮਰੀ, ਟੱਪਾ, ਗਜ਼ਲ ਗਾਇਕੀ ਵੀ ਆਰੰਭ ਹੋ ਚੁਕੀ ਸੀ। ਜਿਸ ਦਾ ਸਾਥ ਦੇਣ ਲਈ ਇੱਕ ਮਧੁਰ ਤੇ ਮੁਲਾਯਮ ਸਾਜ਼ ਦੀ ਲੋੜ ਸੀ। ਸੋ ਵਜੰਤ੍ਰੀਆਂ ਨੇ ਮ੍ਰਿਦੰਗ ਸਾਜ਼ ਦੇ ਦੋ ਭਾਗ ਕਰ ਕੇ ਤਬਲਾ ਬਣਾਇਆ। ਉਸ ਤਬਲੇ (ਜੋੜੀ) ਨੇ ਸ੍ਰੋਤਿਆਂ ਅਤੇ ਵੰਜਤ੍ਰੀਆਂ ਨੂੰ ਐਸਾ ਪ੍ਰਭਾਵਿਤ ਕੀਤਾ ਕਿ ਸਤਾਰ੍ਹਵੀਂ ਅਠਾਰ੍ਹਵੀ ਸਦੀ ਤਕ ਤਬਲੇ ਨੇ ਮ੍ਰਿਦੰਗ ਨੂੰ ਖੁੱਡੇ ਲਾ ਦਿੱਤਾ। ਭਾਵ ਮ੍ਰਿਦਗ ਦੀ ਗੰਭੀਰ ਤੇ ਬਿਲੰਦ ਆਵਾਜ ਨੂੰ ਤਬਲੇ ਦੀ ਟੁਨਕ ਟੁਨਕ ਲੈ ਬੈਠੀ। ਭਾਂਵੇਂ ਪੰਜਾਬ ਪ੍ਰਾਂਤ ਦੇ ਵਜੰਤ੍ਰੀਆਂ ਤੇ ਇਸ ਦਾ ਅਸਰ ਬਹੁਤ ਦੇਰ ਬਾਦ ਹੋਇਆ, ਪਰ ਗੁਰੂ ਸਾਹਿਬਨ ਦੇ ਸਮੇਂ ਤੋਂ ਜਿਨ੍ਹਾਂ ਵੱਡੇ ਤਾਲਾਂ ਵਿਚ ਗੁਰੂ ਕੇ ਕੀਰਤਨੀਏ ਚਉਪਦੇ, ਅਸਟਪਦੀਆਂ ਛੰਤ, ਪੜਤਾਲਾਂ ਗੁਲਦਸਤੇਂ ਆਦਿ ਨੂੰ ਗਾਉਂਦੇ ਆ ਰਹੇ ਸਨ। ਉਹ ਭੀ ਇਸ ਦੇ ਪ੍ਰਭਾਵ ਤੋ ਬਚ ਨਾ ਸਕੇ। ਕਿਉਂਕਿ ਖਯਾਲ, ਠੁਮਰੀ ਟੱਪਾ, ਗਜਲਾਂ ਆਦਿ ਗਾਇਕੀ ਨਾਲ ਵੱਡੇ ਤਾਲਾਂ ਦੀ ਲੋੜ ਨਹੀਂ ਸੀ, ਜਿਸ ਕਰਕੇ ਘੱਟ ਮਾਤ੍ਰਾ ਦੇ ਨਵੇਂ ਨਵੇਂ ਤਾਲ ਬਣਾਏ ਗਏ ਜਿਵੇਂ ਕਹਿਰਵਾ, ਧੁਮਾਲੀ, ਪਸ਼ਤੋ , ਸੂਲਫਾਕ, ਇਕਤਾਲਾ, ਝੂਮਰਾ, ਫਰੋਦਸਤ ਇਤਿਆਦਿ ਤਾਲ ਈਜਾਦ ਹੋ ਗਏ। ਗਾਇਕੀ ਨੂੰ ਭੀ ਬਜਾਉਣ ਵਿਚ ਕਾਫੀ ਆਸਾਨੀ ਹੋ ਗਈ ਅਤੇ ਸ੍ਰੋਤੇ ਭੀ ਇਸ ਨਵੀਂ ਗਾਇਕੀ ਨੂੰ ਪਸੰਦ ਕਰਨ ਲਗ ਪਏ। ਇੰਜ ਤਾਲਾਂ ਵਿਚ ਬਹੁਤ ਰੱਦੋ ਬਦਲ ਹੋ ਗਿਆ। ਨਾਲੇ ਚੰਗੇ ਸੂਝਵਾਨ ਗਾਇਕ ਵਾਦਕ ਦੋਹੇ (ਸਲੋਕ) ਚਉਪਦੇ, ਛੰਤ, ਅਸਟਪਦੀਆਂ ਨੂੰ ਘਟ ਮਾਤ੍ਰੇ ਦੇ ਤਾਲਾਂ ਵਿਚ ਭੀ ਸ਼ਬਦ ਕੀਤਾ ਸੁੰਦਰ ਢੰਗ ਨਾਲ ਤਿਆਰ ਕਰਕੇ ਗਾ ਬਜਾ ਸਕਦੇ ਹਨ। ਇਸ ਤੋਂ ਇਲਾਵਾ ਸੰਗੀਤ ਇਕ ਪਰਿਵਰਤਨਸ਼ੀਲ ਕਲਾ ਹੈ ਜਿਸ ਕਰਕੇ ਦਸਵੇਂ ਪਾਤਸ਼ਾਹ ਜੋ ਸੰਗੀਤਕਲਾ ਵਿਚ ਨਿਪੁੰਨ ਸਨ ਅਤੇ ਆਪ ਜੀ ਨੇ ਸੰਗੀਤ ਦੇ ਕਈ ਰੂਪਾਂ ਵਿਚ ਛੰਦ-ਬੰਦੀ ਭੀ ਤਿਆਰ ਕੀਤੀ ਹੈ। ਸੋ ਉਨ੍ਹਾਂ ਆਦਿ ਗ੍ਰੰਥ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਦਰਜ ਕਰਾਉਣ ਵੇਲੇ ਘਰ ਸਿਰਲੇਖ ਲਿਖਾਉਣਾ ਜਰੂਰੀ ਨਹੀਂ ਸਮਝਿਆ। ਬਾਕੀ "ਏਕ ਸੁਆਨ ਕੈ ਘਰਿ ਗਾਵਣਾ।" ਦਾ ਭਾਵ ਅਰਥ ਹੈ :

ਆਦਿ ਗ੍ਰੰਥ ਪੰਨਾ 24 ਤੇ ਇੰਜ ਲਿਖਿਆ ਹੈ - ਸਿਰੀ ਰਾਗ ਮਹਲਾ ੧ ਘਰੁ ੪ ॥ ਏਕੁ ਸੁਆਨ ਦੁਇ ਸੁਆਨੀ ਨਾਲਿ॥ ਇਸੇ ਪ੍ਰਕਰਣ ਦਾ ਸ਼ਬਦ ਭਗਤ ਕਬੀਰ ਜੀ ਦਾ ਰਾਗ ਸ੍ਰੀ ਵਿੱਚ ਹੀ ਦਰਜ ਹੈ ਇਸੇ ਤਰ੍ਹਾਂ ਸਿਰੀ ਰਾਗ ਮਹਲਾ ੧ ਪਹਰੇ ਘਰੁ ੧ ॥ ਇਸੇ ਪ੍ਰਕਰਣ ਦਾ ਸ਼ਬਦ ਸਿਰੀ ਰਾਗ ਵਿੱਚ ਹੀ ਭਗਤ ਬੇਣੀ ਜੀਓ ਦਾ ਲਿਖਿਆ ਹੈ। ਘਰਿ ਗਾਵਣਾ- ਇਨ੍ਹਾਂ ਦੋਹਾਂ ਥਾਵਾਂ ਤੇ ਘਰ ਦੇ ਰਾਰੇ ਨੂੰ ਸਿਹਾਰੀ ਲੱਗੀ ਹੋਈ ਹੈ। ਜਿਸ ਦਾ ਭਾਵ ਹੈ ਕਿ ਇਨ੍ਹਾਂ ਸ਼ਬਦਾਂ ਨੂੰ ਭੀ ਉਨ੍ਹਾਂ ਤਾਲਾਂ ਵਿਚ ਹੀ ਗਾਇਨ ਕਰੋ। " ਇਹੋ ਸੰਕੇਤ ਯਾਨੜੀਏ ਕੈ ਘਰਿ ਗਾਵਣਾਂ॥" ਦੇ ਸੰਬੰਧ ਵਿਚ ਹੈ। ਮੇਰਾ ਲਿਖਣ ਦਾ ਭਾਵ ਇਹੋ ਹੈ ਕਿ ਉਸ ਸਮੇਂ ਇਨ੍ਹਾਂ ਤਾਲਾਂ ਵਿਚ ਰਾਗ ਬੰਦਿਸ਼ਾਂ (ਟਿਯੂਨਾ) ਬਹੁਤ ਪ੍ਰਸਿੱਧ ਸਨ, ਜਿਨ੍ਹਾਂ ਤੇ ਮਿਲਦੇ-ਜੁਲਦੇ ਪਰਕਰਣ ਵਾਲੇ ਸ਼ਬਦ ਗਾਏ ਜਾਂਦੇ ਸਨ। ਇਸੇ ਤਰ੍ਹਾਂ ਭਿੰਨ-ਭਿੰਨ ਰਾਗਾਂ ਵਿਚ ਲਿਖੀਆਂ ਵਾਰਾਂ ਨੂੰ ਗਾਉਣ ਲਈ ਧੁਨਾਂ (ਟਿਯੂਨਾਂ) ਵਲ ਸੰਕੇਤ ਕੀਤਾ ਗਿਆ ਹੈ।

**ਪ੍ਰਸ਼ਨ :-** ਮ੍ਰਿਦੰਗ ਬਜਾਉਣ ਵਾਲੇ ਉਸਤਾਦਾਂ (ਵਜੰਤ੍ਰੀਆਂ) ਨੇ ਪਖਾਵਜ ਤੇ ਬਜਾਉਣ ਵਾਲੇ ਵੱਡੇ-ਵੱਡੇ ਤਾਲ ਬਜਾਉਣੇ ਕਿਉਂ ਛੱਡ ਦਿੱਤੇ ਅਤੇ ਉਨ੍ਹਾਂ ਨੂੰ ਅਗੋਂ ਨਾ ਸਿਖਾਉਣ ਦਾ ਕੀ ਕਾਰਣ ਸੀ ?

**ਉੱਤਰ :-** "ਜ਼ਰੂਰਤ ਹੀ ਈਜਾਦ ਦੀ ਮਾਂ ਹੁੰਦੀ ਹੈ।" ਪਿੱਛੇ ਅਸਾਂ ਲਿਖਿਆ ਹੈ ਕਿ ਸੋਲਵੀਂ ਸਦੀ ਤੋਂ ਬਾਦ ਖਯਾਲ ਗਾਇਕੀ ਆਰੰਭ ਹੋ ਚੁੱਕੀ ਸੀ। ਜਿਸ ਨਾਲ ਸੰਗਤਿ ਕਰਨ ਲਈ ਮ੍ਰਿਦੰਗ ਦੀ ਥਾਂ ਤਬਲਾ ਪ੍ਰਚਲਿਤ ਹੋ ਗਇਆ। ਸਹਿਜੇ ਸਹਿਜੇ ਤਬਲੇ ਦੇ ਕਾਰਣ ਖਯਾਲ, ਟੱਪਾ, ਠੁਮਰੀ, ਗਜ਼ਲ ਦੀ ਗਾਇਕੀ ਨੇ ਆਪਣਾ ਐਸਾ ਪ੍ਰਭਾਵ ਪਾਇਆ ਕਿ ਅਠਾਰ੍ਹਵੀਂ ਸਦੀ ਦੇ ਆਉਣ ਤੱਕ ਕਸ਼ਮੀਰ, ਪੰਜਾਬ, ਦਿੱਲੀ, ਲਖਨਊ, ਕਲਕੱਤਾ ਸਭ ਥਾਂ ਰਾਜੇ ਮਹਾਰਾਜੇ ਨਵਾਬ ਬਾਦਸ਼ਾਹ ਆਪਣੇ ਰਾਗ ਦਰਬਾਰਾਂ ਵਿੱਚ ਖਯਾਲ ਗਾਇਕੀ ਨੂੰ ਪਸੰਦ ਕਰਨ ਲਗ ਪਏ। ਜਿਵੇਂ ਸੰਨ ੧੯੪੭ (ਹਿੰਦੁਸਤਾਨ-ਪਾਕਿਸਤਾਨ) ਦੀ ਵੰਡ ਤੋਂ ਬਾਦ ਸਾਡੀਆਂ ਲੋਭੀ, ਖੁਦਗਰਜ਼ ਅਤੇ ਹੁਨਰ ਤੋਂ ਅਨਜਾਣ ਸਭਾ ਸੁਸਾਇਟੀਆਂ, ਪ੍ਰਬੰਧਕ ਕਮੇਟੀਆਂ ਨੇ ਕੀਰਤਨ ਦੀ ਪੁਰਾਤਨ ਮਰਯਾਦਾ ਨੂੰ ਕਾਇਮ ਰੱਖਣ ਵੱਲ ਕੋਈ ਧਿਆਨ ਨਹੀਂ ਦਿੱਤਾ, ਜਿਸ ਕਰਕੇ ਪਵਿੱਤਰ ਅਸਥਾਨ ਸ੍ਰੀ ਅੰਮ੍ਰਿਤਸਰ (ਦਰਬਾਰ ਸਾਹਿਬ) ਵਿਖੇ ਭੀ ਅੱਜ ਕੱਲ ਆਟੇ ਵਾਲੇ ਧਾਮੇਂ ਨੂੰ ਛੱਡ ਕੇ ਸ਼ਿਹਾਈ ਵਾਲੀ ਡੁੱਗੀ ਨਾਲ ਬੇਸਮਝ ਰਾਗੀ 'ਫਿਲਮੀ ਟਿਯੂਨਾਂ' ਗਜ਼ਲਾਂ ਅਤੇ ਮਨ ਘੜਤ ਟਿਯੂਨਾਂ ਤੇ ਪਵਿੱਤ੍ਰ ਗੁਰਬਾਣੀ ਗਾਇਨ ਕਰਨ ਵਿੱਚ ਕੋਈ ਸੰਕੋਚ ਨਹੀਂ ਕਰ ਰਹੇ। ਸਗੋਂ ਪ੍ਰਬੰਧਕ ਕਮੇਟੀਆਂ ਤੇ ਸਿੱਖ ਸੰਗਤ ਉਨ੍ਹਾਂ ਵੱਧ-ਚੜ੍ਹਕੇ ਮਾਇਆ ਦੇ ਗੱਫੇ ਅਰਪਣ ਕਰਨ ਵਿਚ ਫਖਰ ਮਹਿਸੂਸ ਕਰਦੇ ਹਨ। ਇੰਜ ਜਦੋਂ ਹੁਨਰ ਦੀ ਕਦਰ ਕਰਨ ਵਾਲੇ ਬੰਦੇ ਨਾ ਰਹਿਣ ਤਾ ਕਲਾ ਦਾ ਅੰਤ ਹੋ ਜਾਂਦਾ ਹੈ। ਜਿਵੇਂ ਅਸਾਂ ਕਰ ਲਇਆ ਜਦੋਂ ਕੇ ਭਾਰਤ ਵਰਸ਼ ਵਿੱਚ ਸਕੂਲਾਂ ਕਾਲਜਾਂ ਅਤੇ ਯੂਨਿਵਰਸੀਟੀਆਂ ਵਿਚ ਸੰਗੀਤ ਕਲਾ ਸਿਖਾਉਣ ਵੱਲ ਪੂਰਾ ਧਿਆਨ ਸਰਕਾਰ ਦੇ ਰਹੀ ਸੀ।

**ਖਾਸ ਨੋਟ :** ਆਦਿ ਗ੍ਰੰਥ ਵਿੱਚ ਤਾਲਾਂ ਨੂੰ 'ਘਰ' ਲਿਖਾਉਣਾ ਇਸ ਗੱਲ ਦਾ ਸੂਚਕ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਸੰਗੀਤ ਸ਼ਾਸਤ੍ਰ ਦੇ ਭੀ ਮਹਾਨ ਪੰਡਿਤ ਸਨ। ਕਿਉਂਕਿ ਤਾਲ ਜਿੱਥੋਂ ਸ਼ੁਰੂ ਹੁੰਦਾ ਹੈ, ਚੱਕ੍ਰ ਲਾ ਕੇ ਮੁੜ ਉੱਥੇ ਹੀ ਆਉਂਦਾ ਹੈ। ਜਿਵੇਂ ਘਰੋਂ ਚਲ ਕੇ ਬੰਦਾ ਕਦਮ-ਦਸ ਕਦਮ ਜਾਂ ਪੰਦਰਾਂ-ਵਾਹ ਮੀਲ ਚਲ ਕੇ ਮੁੜ ਘਰ ਆਉਂਦਾ ਹੈ। ਉਸੇ ਤਰ੍ਹਾਂ ਤਾਲ ਭਾਵੇਂ ਚਾਰ ਮਾਤ੍ਰਾਂ ਦਾ ਹੋਵੇ, ਭਾਵੇਂ ਸੌ-ਡੂੜ ਸੌ ਮਾਤ੍ਰਾਂ ਦਾ ਪਰ ਘੁੰਮ ਕੇ ਉਥੇ ਹੀ ਆਉਂਦਾ ਹੈ ਜਿਥੋਂ ਤਾਲ ਆਰੰਭ ਹੋਇਆ ਸੀ। ਸ਼ਾਇਦ ਇਸੇ ਲਈ ਪੁਰਾਤਨ ਸਮੇਂ ਗ੍ਰੰਥ ਲਿਖਣ ਵਾਲੇ ਹਰੇਕ ਤਾਲ ਨੂੰ ਗੋਲ ਚੱਕ੍ਰ ਬਣਾ ਕੇ ਲਿਖਦੇ ਹੁੰਦੇ ਸਨ। ਹਿੰਦੀ ਵਿਚ ਲਿਖਿਆ 'ਮ੍ਰਿਦੰਗ ਸਾਗਰ' ਗ੍ਰੰਥ ਵਿੱਚ ਭੀ ਤਾਲਾਂ ਨੂੰ ਚੱਕ੍ਰਾਂ ਵਿੱਚ ਲਿਖਿਆ ਹੈ। ਸੋ, ਤਾਲ ਨੂੰ 'ਘਰ' ਲਿਖਾਉਣਾ ਭੀ ਗੁਰੂ ਸਾਹਿਬ ਦੀ 'ਗੁਰਮਤਿ ਸੰਗੀਤ' ਨੂੰ ਇੱਕ ਆਨੁਪਮ ਦੇਣ ਹੈ। ■

# ਆਸਾ ਕੀ ਵਾਰ

## ਸ. ਅਜੀਤ ਸਿੰਘ *

'ਵਾਰ' ਸ਼ਬਦ ਵਾਰਤਾ ਤੋਂ ਪੈਦਾ ਹੋਇਆ ਮੰਨਿਆ ਜਾਂਦਾ ਹੈ। ਵਾਰਤਾ ਕਿਸੇ ਘਟਨਾ ਦੇ ਬਿਰਤਾਂਤ ਦੀ ਵਿਧੀ ਹੈ। ਘਟਨਾ ਦੇ ਪਾਤਰ ਦੋ ਜਾਂ ਵੱਧ ਵੀ ਹੋ ਸਕਦੇ ਹਨ। ਪ੍ਰਾਚੀਨ ਸਮਿਆਂ ਵਿੱਚ 'ਵਾਰਾਂ' ਦੇਸ਼ ਵਾਸੀਆਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਖਬਰਾਂ, ਜੋਧਿਆਂ ਦੀਆਂ ਲੜਾਈਆਂ ਅਤੇ ਹੋਰ ਬਹਾਦਰੀ ਦੇ ਕਾਰਨਾਮੇ ਆਦਿ ਨੂੰ ਕਾਵਿ ਰੂਪ ਵਿੱਚ ਵਰਣਨ ਕਰਦੀਆਂ ਸਨ। ਇਸ ਤਰ੍ਹਾਂ ਦੀ ਲੋਕ ਗਾਇਣ ਸ਼ੈਲੀ ਵਿੱਚ ਜਸ ਗਾਉਣ ਦਾ ਢੰਗ ਬੜਾ ਲੋਕ ਪ੍ਰਿਯ ਸੀ ਜੋ ਇਕ ਆਮ ਆਦਮੀ ਦੇ ਮਨ ਵਿੱਚ ਸਹਿਜੇ ਹੀ ਉਤਰ ਜਾਂਦਾ ਸੀ। ਯੋਧਿਆਂ ਦੇ ਸਤਿਕਾਰ ਤੋਂ ਛੁੱਟ, ਵਾਰਾਂ ਲੋਕਾਂ ਵਿੱਚ ਬੀਰ ਰਸ ਵੀ ਪੈਦਾ ਕਰਦੀਆਂ ਸਨ। ਇਹ ਅਣਖੀ ਜੀਵਨ ਜੀਊਣ ਦੇ ਉਤਸ਼ਾਹਤ ਬਲ ਦਾ ਚੰਗਾ ਸ੍ਰੋਤ ਸਨ।

'ਵਾਰ' ਦਾ ਮੂਲ ਰੂਪ ਪਉੜੀ ਹੈ ਜਿਸ ਦੇ ਸਾਰੇ ਚਰਣ ਇੱਕੋ ਜਿਹੇ ਵੀ ਹੋ ਸਕਦੇ ਹਨ ਅਤੇ ਅਖੀਰਲਾ ਚਰਣ ਅੱਧਾ/ਛੋਟਾ ਵੀ ਹੋ ਸਕਦਾ ਹੈ ਜਿਥੇ ਪਉੜੀ ਦਾ ਪ੍ਰਕਰਣ ਉਸਤਤੀ ਹੁੰਦਾ ਹੈ ਉੱਥੇ ਇਸ ਦੇ ਨਾਲ ਸਲੋਕਾਂ ਦਾ ਮਿਸ਼ਰਨ ਕਰਕੇ ਸੁਣਨ ਵਾਲਿਆਂ ਨੂੰ ਉਪਦੇਸ਼ ਤੋਂ ਵਾਂਝੇ ਵੀ ਨਹੀਂ ਰੱਖਿਆ ਜਾਂਦਾ। ਵਧੇਰਾ 'ਬੀਰ ਰਸ' ਮਨੁੱਖ ਨੂੰ ਹੰਕਾਰ ਤੇ ਕ੍ਰੋਧ ਵੱਲ ਧਕੇਲ ਸਕਦਾ ਹੈ। ਉਪਦੇਸ਼ ਭਰੇ ਸਲੋਕ ਮਨੁੱਖਾ ਮਨੋਬਿਰਤੀਆਂ ਨੂੰ ਨਿਯੰਤ੍ਰਣ ਵਿੱਚ ਰੱਖ ਕੇ ਸ਼ਾਂਤ-ਆਚਾਰ ਧਾਰਨ ਵਿੱਚ ਸਹਾਈ ਹੁੰਦੇ ਹਨ।

**ਆਸਾ ਕੀ ਵਾਰ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬਾਈ ਵਾਰਾਂ ਵਿਚੋਂ ਆਸਾ ਰਾਗ ਵਿੱਚ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਸਾਹਿਬ ਦੀ ਉਚਾਰਣ ਕੀਤੀ ਵਾਰ ਸਿੱਖ-ਜਗਤ ਵਿੱਚ ਬੜੀ ਸ਼ਰਧਾ ਤੇ ਹੁਲਾਸ ਨਾਲ ਗੁਰਦਵਾਰਿਆਂ ਵਿੱਚ ਅੰਮ੍ਰਿਤ ਵੇਲੇ ਗਾਈ ਤੇ ਸੁਣੀ ਜਾਂਦੀ ਹੈ। ਇਸ ਵਾਰ ਵਿੱਚ ੨੪ ਪਉੜੀਆਂ ਹਨ। ਹਰ ਪਉੜੀ ਤੋਂ ਪਹਿਲਾਂ ਉਸ ਦੇ ਭਾਵ ਅਰਥਾਂ ਨਾਲ ਮੇਲ ਖਾਂਦੇ ਸਲੋਕ ਜੋੜੇ ਗਏ ਹਨ। ਕੁੱਲ ੧੫ ਸਲੋਕ ਹਨ ਜਿਨ੍ਹਾਂ ਵਿਚੋਂ ੪੪ ਸਲੋਕ ਸ੍ਰੀ ਗੁਰੂ ਸਾਹਿਬ ਦੇ ਅਤੇ ੧੫ ਸਲੋਕ ਸ੍ਰੀ ਗੁਰੂ ਅੰਗਦ ਸਾਹਿਬ ਦੇ ਉਚਾਰਣ ਕੀਤੇ ਹੋਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਹ ਵਾਰ ੪੬੨ ਅੰਗ ਤੋਂ ਲੈ ਕੇ ੪੭੫ ਅੰਗ ਤਕ ਸੁਭਾਇਮਾਨ ਹੈ।

ਇਸ ਵਾਰ ਦਾ ਪ੍ਰਕਰਣ ਮਨੁੱਖ ਦੇ ਅੰਦਰ ਉਪਜ ਰਹੇ ਸੱਚ ਤੇ ਕੂੜ ਦੇ ਵਿਰੋਧਭਾਵ ਦਾ ਪ੍ਰਗਟਾਵਾ ਹੈ ਅਤੇ ਇਹ ਵੀ ਦਰਸਾਇਆ ਗਿਆ ਹੈ ਕਿ ਉਹ ਬੰਧਨਾਂ ਤੋਂ ਮੁਕਤ ਹੋ ਕੇ ਸਚਿਆਰ ਦੇ ਰਸਤੇ ਕਿਵੇਂ ਪੈ ਸਕਦਾ ਹੈ ? ਇਸ ਤਰ੍ਹਾਂ ਇਹ ਵਾਰ ਯੋਧਿਆਂ ਦੀ ਸਿਫਤ ਸਲਾਹ ਵਾਲੀ ਲੋਕ ਸ਼ੈਲੀ ਦੇ ਕਾਵਿ ਸਾਹਿਤ ਤੋਂ ਹਟ ਕੇ ਅਧਿਆਤਮਕ ਪੱਧਤੀ ਵੱਲ ਉਭਾਰਦੀ ਹੈ।

ਲੇਖ ਨੂੰ ਅੱਗੇ ਵਧਾਉਣ ਤੋਂ ਪਹਿਲਾਂ ਇਕ ਗੱਲ ਦਾ ਨਿਪਟਾਰਾ ਕਰਨਾ ਬਹੁਤ ਜ਼ਰੂਰੀ ਹੈ ਕਿ ਇਸ ਵਾਰ ਦਾ ਸਹੀ ਸ਼ੀਰਸ਼ਕ 'ਆਸਾ ਕੀ ਵਾਰ' ਹੈ, 'ਆਸਾ ਦੀ ਵਾਰ' ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਵਿੱਚ ਸਾਰੀਆਂ ਵਾਰਾਂ ਨੂੰ 'ਕੀ' ਸ਼ਬਦ ਨਾਲ ਹੀ ਲਿਖਿਆ ਹੋਇਆ ਹੈ; 'ਦੀ' ਨਾਲ ਨਹੀਂ। ੪੬੨ ਅੰਗ ਤੇ ਇਸ ਵਾਰ ਦਾ ਸੀਰਸ਼ਕ ਸੰਪੂਰਣ ਮੂਲ ਮੰਤ੍ਰ ਦੇ ਮੰਗਲਾਚਰਣ ਤੋਂ ਬਾਅਦ ਆਸਾ ਮਹਲਾ ੧ ॥ ਵਾਰ ਸਲੋਕਾਂ ਨਾਲਿ ਸਲੋਕ ਭੀ ਮਹਲੇ ਪਹਲੇ ਕੇ ਲਿਖੇ, ਟੁੰਡੇ ਅਸਰਾਜੈ ਕੀ ਧੁਨੀ॥ ਆਇਆ ਹੈ। ਇਸ ਸੀਰਸ਼ਕ ਤੋਂ ਸਾਨੂੰ 'ਆਸਾ ਦੀ ਵਾਰ' ਜਾਂ 'ਆਸਾ ਕੀ ਵਾਰ' ਕਹਿਣ ਬਾਰੇ ਕੋਈ ਸਪਸ਼ਟ ਆਦੇਸ਼ ਨਹੀਂ ਮਿਲਦਾ। ਇਹ ਸੇਧ ਸਾਨੂੰ ਤਤਕਰੇ ਤੋਂ ਅਤੇ ਬਾਕੀ ਦੀਆਂ ੨੧ ਵਾਰਾਂ ਦੇ ਸੀਰਸ਼ਕ ਤੋਂ ਮਿਲਦੀ ਹੈ। ਸੋ ਇਸ ਲੇਖ ਵਿੱਚ ਅਸੀਂ ਇਸ ਵਾਰ ਨੂੰ ਆਸਾ ਕੀ ਵਾਰ ਨਾਲ ਹੀ ਸੰਬੋਧਨ ਕਰਾਂਗੇ।

"ਕੀਰਤਨ ਆਸਾ ਕੀ ਵਾਰ" ਆਸਾ ਕੀ ਵਾਰ ਦਾ ਕੀਰਤਨ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਰੂਪ ਤੋਂ ਵੱਖਰਾ ਹੈ। ਭਿੰਨਤਾ ਦੇ ਪੱਖ ਇਸ ਪ੍ਰਕਾਰ ਹਨ :

ੳ. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 448 ਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਉਚਾਰਣ ਚਾਰ-ਚਾਰ ਅੰਗਾਂ ਵਾਲੇ ਛੇ ਛੰਤ ਦਿੱਤੇ ਗਏ ਹਨ। ਕੁੱਲ 24 ਅੰਗ ਹਨ। ਚਾਰ ਪੰਕਤੀਆਂ ਵਾਲੇ ਇਕ-ਇਕ ਅੰਗ ਨੂੰ 24 ਪਉੜੀਆਂ ਨਾਲ ਜੋੜਿਆ ਗਿਆ ਹੈ। ਇਨ੍ਹਾਂ ਅੰਗਾਂ ਦਾ ਵਿਸ਼ਾ ਵੀ ਹਰੀ ਦੇ ਸ਼ਬਦ ਲਈ ਪ੍ਰੇਮ ਦੀ ਤੀਬਰਤਾ ਹੈ।

ਅ. ਪਉੜੀ ਤੋਂ ਬਾਅਦ ਰਾਗੀ ਸਿੰਘ ਕੋਈ ਵੀ ਸ਼ਬਦ ਗਾਇਣ ਕਰ ਸਕਦੇ ਹਨ। ਇਹ ਵਿਵਸਥਾ ਸਮੇਂ ਦੀ ਉਪਲਬਧੀ ਤੇ ਨਿਰਭਰ ਹੈ। ਆਮ ਤੌਰ ਤੇ ਆਸਾ ਕੀ ਵਾਰ ਦੇ ਗਾਇਣ ਸਮੇਂ ਚਾਰ ਤੋਂ ਛੇ ਸ਼ਬਦਾਂ ਦਾ ਗਾਇਣ ਕੀਤਾ ਜਾਂਦਾ ਹੈ। ਇਸ ਤਰ੍ਹਾਂ ਇਸ ਵਾਰ ਦਾ ਕੁੱਲ ਗਾਇਣ ਸਮਾਂ ਦੋ ਤੋਂ ਢਾਈ ਘੰਟੇ ਦਾ ਹੋ ਜਾਂਦਾ ਹੈ।

ਸੰਗੀਤ ਦੀ ਸੁਵਿਧਾ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਰਤਨੀ ਆਸਾ ਦੀ ਵਾਰ ਨਾਮੀ ਗੁਟਕੇ ਪ੍ਰਕਾਸ਼ਤ ਕੀਤੇ ਹਨ ਤਾਂ ਕਿ ਵਾਰ ਦੇ ਗਾਇਣ/ਕੀਰਤਨ ਸਮੇਂ ਸੰਗਤ ਵਿੱਚ ਹਾਜ਼ਰੀ ਭਰਦੇ ਪ੍ਰੇਮੀ ਅਤੇ ਰਾਗੀ ਸਿੰਘਾਂ ਵਲੋਂ ਪੜ੍ਹੇ ਜਾ ਰਹੇ ਪਾਠ ਨੂੰ ਸਹੀ ਰੂਪ ਵਿੱਚ ਗ੍ਰਹਿਣ ਕਰ ਸਕਣ। ਕੀਰਤਨੀਏ ਸਿੰਘ ਪਉੜੀ ਤੋਂ ਬਾਅਦ ਦਾ ਸ਼ਬਦ ਅਕਸਰ ਆਪਣੀ ਇੱਛਾ ਅਨੁਸਾਰ ਪੜ੍ਹਦੇ/ਗਾਉਂਦੇ ਹਨ ਜੋ ਆਮ ਕਰਕੇ ਕੀਰਤਨ ਆਸਾ ਕੀ ਵਾਰ ਗੁਟਕੇ ਵਿੱਚ ਦਰਜ ਨਹੀਂ ਹੁੰਦਾ।

**ਕੀਰਤਨ ਵਿਧੀ ਬਾਰੇ ਵਿਚਾਰ :** ਆਸਾ ਕੀ ਵਾਰ ਦਾ ਕੀਰਤਨ ਸਭ ਰਾਗੀ ਸਿੰਘ ਆਪਣੇ ਹੀ ਤੌਰ ਤਰੀਕੇ ਨਾਲ ਕਰਦੇ ਹਨ। ਸਭ ਨੇ ਆਪਣੀ-ਆਪਣੀ ਬੁੱਧੀ ਅਤੇ ਗਿਆਨ ਅਨੁਸਾਰ ਇਸ ਦੇ ਗਾਇਣ ਵਿੱਚ ਪ੍ਰਪੱਕਤਾ ਪ੍ਰਾਪਤ ਕੀਤੀ ਹੋਈ ਹੈ - ਇਹ ਤਾਂ ਸਹੀ ਨਹੀਂ ਕਿਹਾ ਜਾ ਸਕਦਾ। ਵਾਰ ਦੇ

*663, ਗਲੀ ਨੰਬਰ 3, ਰਾਣੀ ਬਾਜ਼ਾਰ, (ਸ਼ਰੀਫਪੁਰਾ), ਅੰਮ੍ਰਿਤਸਰ

ਸਿਰਲੇਖ ਤੇ ਹੀ ਗੁਰੂ ਜੀ ਨੇ ਇਸ ਨੂੰ ਟੁੰਡੇ ਅਸਰਾਜੇ ਕੀ ਧੁਨੀ ਤੇ ਗਾਇਣ ਕਰਨ ਦਾ ਆਦੇਸ਼ ਦਿੱਤਾ ਹੈ। ਭਾਵ ਇਸ ਵਾਰ ਦੀਆਂ ਪਉੜੀਆਂ ਦਾ ਗਾਇਣ ਟੁੰਡੇ ਅਸਰਾਜੇ ਦੀ ਪ੍ਰਚਲਤ ਵਾਰ ਦਾ ਧੁਨ ਤੇ ਕਰਨਾ ਹੈ। ਕੀ ਅਜਿਹਾ ਹੋ ਰਿਹਾ ਹੈ? ਜੇ ਨਹੀਂ ਤਾਂ ਇਸ ਗੱਲੋਂ ਅਸੀਂ ਗੁਰੂ ਦੇ ਹੁਕਮ ਦੀ ਪਾਲਣਾ ਨਾ ਕਰਨ ਦੀ ਅਵੱਗਿਆ ਕਰ ਰਹੇ ਹਾਂ। ਇਸ ਨੁਕਤੇ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ।

ਵਾਰ ਦੇ ਸਲੋਕ ਦਾ ਗਾਇਣ ਰਾਗ ਆਸਾ ਦੀ ਵਿਧੀ ਤੇ ਕਰਨਾ ਚਾਹੀਦਾ ਹੈ ਸਲੋਕਾਂ ਤੋਂ ਪਹਿਲਾਂ ਆਇਆ ਅੰਗ (ਛੰਤ) ਵੀ ਰਾਗ ਆਸਾ ਵਿੱਚ ਉਚਾਰਣ ਹੋਣ ਕਰਕੇ ਇਸੇ ਰਾਗ ਵਿੱਚ ਹੀ ਕੀਤਾ ਜਾਣਾ ਚਾਹੀਦਾ ਹੈ। ਇਸ ਪੱਖੋਂ ਹੋ ਰਹੀ ਉਕਾਈ ਆਮ ਦੇਖਣ ਅਤੇ ਸੁਣਨ ਵਿੱਚ ਆਉਂਦੀ ਹੈ।

ਆਮ ਕਰਕੇ ਇਹ ਦੇਖਣ ਵਿਚ ਆਇਆ ਹੈ ਕਿ ਕੀਰਤਨੀ ਸਿੰਘ ਅੰਗ (ਛੰਤ) ਦਾ ਗਾਇਣ ਤੇ ਪਹਿਲੇ ਸਲੋਕ ਦਾ ਪਾਠ ਤਾਂ ਠੀਕ ਕਰਦੇ ਹਨ ਪਰ ਅਗਲੇ ਸਲੋਕ ਦਾ ਸਿਰਲੇਖ ਪਹਿਲੇ ਸਲੋਕ ਦੇ ਅੰਤ ਵਿੱਚ ਜੋੜ ਦੇਂਦੇ ਹਨ। ਇਸ ਤਰ੍ਹਾਂ ਅਗਲੇ ਸਲੋਕ ਦਾ ਪਾਠ ਸਹਾਇਕ ਰਾਗੀ ਸਿੰਘ ਬਿਨ੍ਹਾਂ ਸਿਰਲੇਖ ਦੇ ਕਰਦੇ ਹਨ ਅਤੇ ਨਾਲ ਹੀ ਅਗਲੇ ਸਲੋਕ ਦਾ ਸਿਰਲੇਖ ਇਸ ਪੜ੍ਹੇ ਜਾ ਰਹੇ ਸਲੋਕ ਦੇ ਅੰਤ ਵਿੱਚ ਜੋੜ ਦੇਂਦੇ ਹਨ। ਹੇਠ ਲਿਖੀ ਉਦਾਹਰਣ ਇਸ ਗੱਲ ਨੂੰ ਸਪਸ਼ਟ ਕਰੇਗੀ

***ਜਿਉ ਭਾਵੈ ਤਿਉ ਰਾਖਿ ਲੈ.... ਹਰਿ ਪੈਜ ਰਖਾਇ ॥ਸਲੋਕ ਮ: ੧***

***ਦੂਖੁ ਦਾਰੂ ਸੁਖੁ..... ਜੋ ਕਿਛ ਕਰਣਾ ਸੁ ਕਰਿ ਰਹਿਆ ॥੨॥ਮ: ੨॥***

***ਜੋਗ ਸਬਦੰ ਗਿਆਨ.... ਸੋਈ ਨਿਰੰਜਨ ਦੇਉ ॥ਮ: ੧ ॥***

***ਏਕ ਕ੍ਰਿਸਨੰ ਸਰਬ..... ਸੋਈ ਨਿਰੰਜਨ ਦੇਉ ॥ਮ: ੧॥***

***ਕੁੰਭੇ ਬਧਾ ਜਲੁ ਰਹੈ .... ਗੁਰ ਬਿਨੁ ਗਿਆਨ ਨ ਹੋਇ ॥5 ॥ਪਉੜੀ ॥***

***ਪੜਿਆ ਹੋਵੈ ਗੁਨਹਗਾਰ....ਮੁਹਿ ਚਲੈ ਸੁ ਅਗੈ ਮਾਰੀਐ ॥੧੨॥***

ਉਪਰੋਕਤ ਵਿਧੀ ਨਾਲ ਕੀਤਾ ਪਹਿਲੇ ਸਲੋਕ ਨੂੰ ਛੋੜ ਕੇ ਬਾਕੀ ਸਲੋਕਾਂ ਦਾ ਪਾਠ ਬਿਨਾਂ ਸਿਰਲੇਖ ਦੇ ਹੋ ਰਿਹਾ ਹੈ ਜੋ ਬਾਣੀ ਦੇ ਪਾਠ ਵਿਧਾਨ ਦੇ ਵਿਰੁੱਧ ਹੈ ਜਦ ਕਿ ਹਰ ਰਾਗੀ ਨੂੰ ਹਰ ਸਲੋਕ ਦਾ ਪਾਠ ਪਹਿਲੇ ਸਲੋਕ ਵਾਂਗ ਹੀ ਸਿਰਲੇਖ ਸਹਿਤ ਹੀ ਕਰਨਾ ਚਾਹੀਦਾ ਹੈ।

**ਗਾਇਣ ਸਮਾਂ ਤੇ ਸ਼ਬਦ ਦੀ ਚੋਣ** : ਆਸਾ ਕੀ ਵਾਰ ਦੀ ਚੌਕੀ ਜਾਂ ਗਾਇਣ ਸਮਾਂ ਸੂਰਜ ਚੜ੍ਹਨ ਤੋਂ ਪਹਿਲੇ, ਰਾਤ ਦੇ ਚੌਥੇ ਪਹਿਰ ਦੇ ਪ੍ਰਾਰੰਭ ਤੋਂ ਸੂਰਜ ਨਿਕਲਣ ਤਕ ਦਾ ਹੁੰਦਾ ਹੈ। ਮੋਟੇ ਤੌਰ ਤੇ ਇਸ ਸਾਰੇ ਸਮੇਂ ਨੂੰ ਅਸੀਂ ਤਿੰਨਾ ਚਰਣਾਂ ਵਿੱਚ ਵੰਡ ਸਕਦੇ ਹਾਂ।

ੳ) ਵਾਰ ਗਾਇਣ ਦੇ ਪ੍ਰਾਰੰਭ ਤੋਂ ਪਹੁ ਫੁਟਾਲੇ ਦਾ ਸਮਾਂ

ਅ) ਪਹੁ ਫੁਟਾਲੇ ਤੋਂ ਸੂਰਜ ਨਿਕਲਣ ਤਕ

ੲ) ਵਾਰ ਦੀ ਸੰਪੂਰਨਤਾ ਦਾ ਸਮਾਂ

ਪਹਿਲੇ ਚਰਣ ਵਿੱਚ ਰਾਗ ਆਸਾ ਅਤੇ ਰਾਗ ਪ੍ਰਭਾਤੀ ਵਿਚੋਂ ਯੋਗ ਸ਼ਬਦ ਚੁਣ ਕੇ ਗਾਇਣ ਕਰਨ ਦੀ ਲੋੜ ਹੈ ਕਿਉਂਕਿ ਇਨ੍ਹਾਂ ਦੋਨੋਂ ਰਾਗਾਂ ਦੇ ਗਾਇਣ ਦਾ ਸਮਾਂ ਇਸ ਚਰਣ ਵਿੱਚ ਪੈਂਦਾ ਹੈ।

ਦੂਸਰੇ ਚਰਣ ਵਿੱਚ ਰਾਗ ਭੈਰਉ ਅਤੇ ਰਾਗ ਬਿਭਾਸ ਪ੍ਰਭਾਤੀ ਦੇ ਚੋਣਵੇਂ ਸ਼ਬਦਾਂ ਦੇ ਪੜ੍ਹਨ ਦੀ ਪ੍ਰਥਾ ਹੋਣੀ ਚਾਹੀਦੀ ਹੈ ਕਿਉਂਕਿ ਇਸ ਸਮੇਂ ਇਨ੍ਹਾਂ ਰਾਗਾਂ ਦੇ ਗਾਇਣ ਦਾ ਸਮਾਂ ਹੈ।

ਰਾਗਾਂ ਦੇ ਗਾਇਣ ਸਮੇਂ ਅਨੁਸਾਰ ਤੀਸਰੇ ਚਰਣ ਵਿੱਚ ਰਾਗ ਰਾਮਕਲੀ ਪ੍ਰਭਾਤੀ ਵਿਭਾਸ ਅਤੇ ਰਾਗ ਭੈਰਉ ਦੇ ਗਾਇਣ ਦਾ ਆਦੇਸ਼ ਹੈ।

ਰਾਗ ਵਿੱਦਿਆ ਦੇ ਮਾਹਿਰ ਇਹ ਵਿਚਾਰ ਵੀ ਰਖਦੇ ਹਨ ਕਿ ਬਸੰਤ ਰੁੱਤ ਵਿੱਚ ਰਾਗ ਬਸੰਤ ਅਤੇ ਵਰਖਾ ਰੁੱਤ ਵਿੱਚ ਰਾਗ ਮਲ੍ਹਾਰ ਕਿਸੇ ਵੇਲੇ ਵੀ ਗਾਇਆ ਜਾ ਸਕਦਾ ਹੈ।

ਆਸਾ ਕੀ ਵਾਰ ਦੇ ਸਮੇਂ ਕਿਸੇ ਹੋਰ ਰਾਗ ਵਿਚੋਂ ਸ਼ਬਦ ਗਾਇਣ ਕਰਨਾ ਰਾਗ ਵਿੱਦਿਆ ਦੀ ਪਰੰਪਰਾ ਦੀ ਉਲੰਘਣਾ ਹੋਵੇਗੀ। ਸ਼ਾਸਤ੍ਰੀਯ ਸੰਗੀਤ ਵਿੱਚ ਜੇ ਰਾਗ ਦੇ ਗਾਇਣ ਦੇ ਸਮੇਂ ਦੀ ਬੰਦਿਸ਼ ਹੈ ਤਾਂ ਉਸ ਵਿੱਚ ਜ਼ਰੂਰ ਕੋਈ ਮਹੱਤਵ ਭਰੀ ਰਮਜ਼ ਹੋਵੇਗੀ ਜਿਸਨੂੰ ਆਮ ਮਨੁੱਖ ਨਹੀਂ ਸਮਝਦਾ। ਇਕ ਸੂਝਵਾਨ ਕੀਰਤਨੀਆ ਇਨ੍ਹਾਂ ਤੋਂ ਜ਼ਰੂਰ ਜਾਣੂ ਹੋਣਾ ਚਾਹੀਦਾ ਹੈ। ਸਮੇਂ ਅਨੁਸਾਰ ਰਾਗ ਦੇ ਗਾਇਣ ਦੀ ਪ੍ਰੰਪਰਾ ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਹੈ। ਇਸ ਨੂੰ ਬੜੇ ਅਨੁਸ਼ਾਸਨ ਨਾਲ ਲਾਗੂ ਕੀਤਾ ਜਾਂਦਾ ਸੀ, ਇਸ ਦੀ ਹਮੇਸ਼ਾਂ ਹੀ ਲੋੜ ਰਹੇਗੀ।

**ਰਹਾਉ ਦੀ ਪੰਕਤੀ** : ਗੁਰਬਾਣੀ ਦੇ ਬਹੁਤ ਸਾਰੇ ਸ਼ਬਦਾਂ ਵਿੱਚ ਰਹਾਉ ਦੀ ਪੰਕਤੀ ਆਉਂਦੀ ਹੈ। ਕਈ ਸ਼ਬਦਾਂ ਵਿੱਚ ਦੋ ਜਾਂ ਵੱਧ ਵੀ ਰਹਾਉ ਆਉਂਦੇ ਹਨ ਕਈਆਂ ਵਿੱਚ ਰਹਾਉ ਦੀ ਪੰਕਤੀ ਹੁੰਦੀ ਹੀ ਨਹੀਂ। ਕਥਾਕਾਰ ਅਤੇ ਵਿਦਵਾਨ ਮੰਨਦੇ ਹਨ ਕਿ ਰਹਾਉ ਵਿੱਚ ਉਸ ਸ਼ਬਦ ਦਾ ਸਾਰ-ਅੰਸ਼ ਹੁੰਦਾ ਹੈ। ਸ਼ਬਦ ਭਾਵਾਤਮਕ ਅਰਥ ਜਾਨਣ ਲਈ ਰਹਾਉ ਦੀ ਪੰਕਤੀ ਦੇ ਅਰਥ ਸਮਝ ਲੈਣੇ ਜ਼ਰੂਰੀ ਹਨ। ਸ਼ਾਸਤ੍ਰੀਯ ਗਾਇਣ ਵਿੱਚ ਨਿਪੁੰਨ ਗਾਇਕ ਰਹਾਉ ਦੀ ਪੰਕਤੀ ਨੂੰ ਟੇਕ ਬਣਾ ਕੇ ਗਾਇਣ ਅਰੰਭ ਕਰਦੇ ਹਨ ਕਿਉਂਕਿ ਇਸ ਪੰਕਤੀ ਤੋਂ ਉਸ ਸ਼ਬਦ ਦੀ ਗਾਇਣ ਵਿਧੀ ਦੀ ਸੇਧ ਮਿਲਦੀ ਹੈ। ਹਰ ਛੰਦ/ਬੰਦ ਦੇ ਗਾਇਣ ਤੋਂ ਬਾਅਦ ਰਹਾਉ ਵਾਲੀ ਪੰਕਤੀ ਦੀ ਟੇਕ ਲੈ ਕੇ ਨਾ ਸਿਰਫ ਛੰਦ ਦੇ ਭਾਵ ਨੂੰ ਹੀ ਉਜਾਗਰ ਕਰਦੇ ਹਨ ਸਗੋਂ ਰਾਗ ਦੀ ਬੰਦਿਸ਼ ਨੂੰ ਵੀ ਮਨ ਵਿੱਚ ਰੱਖਦੇ ਹਨ। ਹਾਂ, ਜਿਸ ਸ਼ਬਦ ਵਿੱਚ ਰਹਾਉ ਦੀ ਪੰਕਤੀ ਨਹੀਂ, ਉਥੇ ਕਿਸੇ ਵੀ ਪੰਕਤੀ ਨੂੰ ਜੋ ਸ਼ਬਦ ਦੇ ਭਾਵਆਤਮਕ ਅਰਥਾਂ ਤੇ ਪ੍ਰਕਾਸ਼ ਪਾਵੇ-ਟੇਕ ਬਣਾ ਕੇ ਗਾਇਣ ਕੀਤਾ ਜਾਣਾ ਯੋਗ ਹੈ।

ਇਸ ਨਿਯਮ ਦੀ ਪਾਲਣਾ ਆਮ ਕਰਕੇ ਨਹੀਂ ਹੁੰਦੀ।

ਕਈ ਰਾਗੀ ਸਿੰਘ ਰਹਾਉ ਦੀ ਪੰਕਤੀ ਦੇ ਹੁੰਦਿਆਂ ਵੀ ਆਪਣੀ ਮਰਜ਼ੀ ਨਾਲ ਕਿਸੇ ਪੰਕਤੀ ਨੂੰ ਸਥਾਈ ਬਣਾ ਕੇ ਗਾਇਨ ਕਰਦੇ ਹਨ ਜੋ ਸਹੀ ਨਹੀਂ ਕਿਹਾ ਜਾ ਸਕਦਾ। ਇਸੇ ਤਰ੍ਹਾਂ ਕਈ ਰਾਗੀ ਸਿੰਘ ਸ਼ਬਦਾਂ ਵਿਚ 'ਨ' ਅਤੇ 'ਣ' ਨੂੰ ਕਈ ਵਾਰ ਆਪਸ ਵਿੱਚ ਬਦਲ ਕੇ ਉਚਾਰਨ ਕਰਦੇ ਹਨ। ਲਾਵਾਂ ਅਤੇ ਦੁਲਾਵਾਂ ਨੂੰ ਵੀ ਆਪਸ ਵਿੱਚ ਬਦਲ ਕੇ (ਭਾਵ ਲਾਂ ਦੀ ਥਾਂ ਦੁਲਾਂ ਅਤੇ ਦੁਲਾਂ ਦੀ ਥਾਂ ਲਾਂ) ਉਚਾਰਣ ਕਰਦੇ ਹਨ। ਅਜੇਹਾ ਕਰਨ ਨਾਲ ਬਾਣੀ ਦੇ ਭਾਵ-ਅਰਥਾਂ ਵਿੱਚ ਫਰਕ ਆ ਜਾਣਾ ਸੁਭਾਵਿਕ ਹੈ। ਇਸ ਪੱਖੋਂ ਸੁਚੇਤ ਰਹਿਣ ਦੀ ਲੋੜ ਹੈ।

ਉਪਰੋਕਤ ਪੜਚੋਲ ਤੋਂ ਜੋ ਤੱਥ ਸਾਹਮਣੇ ਆਉਂਦੇ ਹਨ, ਉਨ੍ਹਾਂ ਤੇ ਗੰਭੀਰਤਾ ਨਾਲ ਵਿਚਾਰ ਕਰ ਕੇ ਉਨ੍ਹਾਂ ਨੂੰ ਅਪਨਾਉਣ ਦੀ ਸਖਤ ਲੋੜ ਹੈ ਤਾਂ ਕਿ ਅਜੇ ਤਕ ਜਾਣੇ ਅਨਜਾਣੇ ਵਿੱਚ ਹੋ ਰਹੀਆਂ ਉਕਾਈਆਂ ਦੂਰ ਹੋ ਜਾਣ ਅਤੇ ਵਿਸ਼ਵ ਵਿੱਚ ਗੁਰਬਾਣੀ, ਗੁਰੂ-ਆਸ਼ੇ ਅਨੁਸਾਰ ਸਹੀ ਰੂਪ ਵਿੱਚ ਪੇਸ਼ ਹੋਵੇ। ■

*(ਧੰਨਵਾਦ ਸਹਿਤ : 'ਗੁਰਮਤਿ ਪ੍ਰਕਾਸ਼ ਵਿੱਚੋਂ')*

## ਰਾਗ ਅਤੇ ਸਾਜ਼ ਤੀ ਤਾਲੀਮ ਵੰਡਦਾ : ਅੰਮ੍ਰਿਤ ਕੀਰਤਨ

ਰਾਗ ਅਤੇ ਸਾਜ਼ ਦੀ ਵਿੱਦਿਅਕ ਤਾਲੀਮ ਦੇਣ ਲਈ ਉਂਜ ਤਾਂ ਬਹੁਤ ਸਾਰੇ ਸੰਗੀਤ ਸ਼ਾਸਤਰੀਆਂ ਦੀਆਂ ਲਿਖੀਆਂ ਕਿਤਾਬਾਂ ਮਿਲਦੀਆਂ ਹਨ। ਪਰ ਉਹ ਕਿਤਾਬਾਂ ਸੰਗੀਤ ਸਿੱਖਣ ਵਾਲੇ ਨਵੇਂ ਸਿਖਿਆਰਥੀਆਂ ਦੀ ਪਹੁੰਚ ਤੋਂ ਅਕਸਰ ਬਾਹਰ ਦੀਆਂ ਹੁੰਦੀਆਂ ਹਨ। ਸ਼ਾਇਦ ਕਿਸੇ ਘਾਟ ਨੂੰ ਮਹਿਸੂਸ ਕਰਦਿਆਂ ਸ਼੍ਰੋਮਣੀ ਰਾਗੀ ਡਾ. ਜਾਗੀਰ ਸਿੰਘ ਨੇ ਇਕ ਅਜਿਹਾ ਮਹੀਨੇ ਵਾਰ ਮੈਗਜ਼ੀਨ ਕੱਢਣ ਦੀ ਸੋਚੀ ਜੋ ਸੰਗੀਤ ਦੇ ਸਿਖਿਆਰਥੀਆਂ ਲਈ ਲਾਹੇਵੰਦ ਸਾਬਤ ਹੋਇਆ। ਇਸ ਮੈਗਜ਼ੀਨ ਦਾ ਨਾਂ 'ਅੰਮ੍ਰਿਤ ਕੀਰਤਨ' ਹੈ। ਇਹ ਲਗਾਤਾਰ 10 ਸਾਲਾਂ ਤੋਂ ਛੱਪਦਾ ਆ ਰਿਹਾ ਹੈ। ਹੁਣ ਇਹ ਆਪਣੇ ਗਿਆਰਵੇਂ ਸਾਲ ਵਿੱਚ ਪ੍ਰਵੇਸ਼ ਕਰ ਗਿਆ ਹੈ।




ਇਸ ਵਾਰ ਦੇ 'ਅੰਮ੍ਰਿਤ ਕੀਰਤਨ' ਦੇ ਫਰਵਰੀ 1999 ਦੇ ਅੰਕ ਵਿੱਚ ਵੱਖ-ਵੱਖ ਵਿਦਵਾਨ ਸ਼ਾਸਤਰੀਆਂ ਦੇ ਲੇਖ ਪ੍ਰਕਾਸ਼ਿਤ ਕੀਤੇ ਗਏ ਹਨ। ਇਸ ਅੰਕ ਦਾ ਮੁੱਖ ਲੇਖ ਇਸ ਮੈਗਜ਼ੀਨ ਦੇ ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ ਦਾ ਲਿਖਿਆ ਹੋਇਆ ਹੈ ਜੋ ਭਗਤ ਰਵੀਦਾਸ ਜੀ ਦੀ ਗੁਰੂ ਗ੍ਰੰਥ ਸਾਹਿਬ ਵਿੱਚ 16 ਰਾਗਾਂ ਅਧੀਨ ਦਰਜ ਬਾਣੀ ਦੇ ਸੰਗੀਤਕ ਪੱਖ ਤੋਂ ਲਿਖਿਆ ਗਿਆ ਹੈ।

ਇਸ ਅੰਕ ਦੇ ਹੋਰਨਾਂ ਲੇਖਾਂ ਵਿਚ ਲਾਲ ਸਿੰਘ ਦਾ ਲਿਖਿਆ ਸੰਗੀਤ ਇਕ ਅਥਾਹ ਸਮੁੰਦਰ ਹੈ - ਦਿਲਬਾਗ ਸਿੰਘ: ਇੱਕ ਮੁਲਾਕਾਤ, ਹਰਭਜਨ ਸਿੰਘ ਧਾਲੀਵਾਲ ਦਾ, 'ਤਬਲੇ ਦੀ ਪਰਿਭਾਸ਼ਾ-2' ਭਗਵੰਤ ਸਿੰਘ ਦਲਾਵਰੀ ਦਾ 'ਅਸੀਂ ਕਿਵੇਂ ਗੁਰੂ ਗੋਬਿੰਦ ਸਿੰਘ ਦੇ ਸਿੱਖ ਅਖਵਾ ਸਕਦੇ ਹਾਂ?' ਦਲਜੀਤ ਸਿੰਘ ਦਾ 'ਕੀਰਤਨ ਆਫ਼ ਆਸਾ ਦੀ ਵਾਰ ਅਤੇ ਪ੍ਰੋ. ਬਲਜੀਤ ਕੌਰ ਸੇਖੋਂ ਵੱਲੋਂ ਲਿਖੀ ਪੁਸਤਕ ਸੰਤਾ ਸਿੰਘ ਆਜਿਜ਼ ਦਾ ਰਚਨਾ ਸੰਸਾਰ ਦੀ ਸਮੀਖਿਆਕਾਰ ਡਾ. ਗੁਰਮੀਤ ਸਿੰਘ ਬੈਦਵਾਣ ਵੱਲੋਂ ਸਮੀਖਿਆ ਕੀਤੀ ਗਈ ਹੈ। ਇੰਜ ਇਹ ਮੈਗਜ਼ੀਨ ਸੰਗੀਤ ਪੱਧਤੀ ਦੇ ਪੱਖ ਤੋਂ ਆਪਣੀ ਵਿਸ਼ੇਸ਼ ਮੁਹਾਰ ਅਤੇ ਸਥਾਨ ਰੱਖਦਾ ਹੈ। ਇਸ ਵਾਰ ਦੇ ਅੰਕ ਦਾ ਸਰਵਰਕ ਚਿੱਤਰਕਾਰ ਗੁਰਦੀਪ ਸਿੰਘ ਦੀਪ ਦੁਆਰਾ ਕੀਤਾ ਗਿਆ ਹੈ।

ਉੱਤਮਵੀਰ (ਦੇਸ਼ ਸੇਵਕ ਵਿੱਚੋਂ)

## ਅੰਮ੍ਰਿਤ ਕੀਤਰਨ ਦਾ ਚੰਦਾ ਭੇਜੋ ਜੀ

ਜੇ ਤੁਸੀਂ ਅਜੇ ਤਕ ਅੰਮ੍ਰਿਤ ਕੀਰਤਨ ਦਾ ਚੰਦਾ ਨਹੀਂ ਭੇਜਿਆ ਤਾਂ ਤੁਰੰਤ ਭੇਜਣ ਦੀ ਕਿਰਪਾ ਕਰੋ। ਆਪ ਦੀ ਮਾਇਕ ਸਹਾਇਤਾ ਨਾਲ ਹੀ ਇਹ ਮੈਗਜ਼ੀਨ ਨਿਰੰਤਰ ਅਤੇ ਨਿਰਵਿਘਨ ਜਾਰੀ ਰੱਖਿਆ ਜਾ ਸਕਦਾ ਹੈ। ਜੇ ਤੁਸੀਂ ਮੈਗਜ਼ੀਨ ਬੰਦ ਕਰਨਾ ਚਾਹੁੰਦੇ ਹੋ ਤਾਂ ਵੀ ਸਾਨੂੰ ਸੂਚਿਤ ਕਰਨ ਦੀ ਖੇਚਲ ਕਰੋ ਜੀ ।

# ਸ੍ਰੀ ਹਰਿਮੰਦਰ ਸਾਹਿਬ ਵਿਚ ਅਗੰਮੀ ਬਾਣੀ ਦਾ ਕੀਰਤਨ ਪ੍ਰਵਾਹ ਅਤੇ ਮਰਯਾਦਾ

**ਭਾਈ ਸੁਖਵਿੰਦਰ ਸਿੰਘ ***

ਇਹ ਸੰਗੀਤਮਈ ਕੀਰਤਨ ਤਾਂ ਇਸ ਸੰਸਾਰ ਸਾਗਰ ਤੋਂ ਪਾਰ ਕਰ ਦਿੰਦਾ ਹੈ। ਸਾਡਾ ਆਵਾਗਵਨਾਂ ਦਾ ਚੱਕਰ ਮੁੱਕਾ ਕੇ ਜੂਨਾਂ ਤੋਂ ਬਚਾ ਲੈਂਦਾ ਹੈ।

*ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥* (ਪੰਨਾ ੨੧੪)

*ਹਰਿ ਦਿਨੁ ਰੈਨਿ ਕੀਰਤਨੁ ਗਾਈਐ॥ ਬਹੁੜਿ ਨ ਜੋਨੀ ਪਾਈਐ ॥* (ਪੰਨਾ ੬੨੬)

ਕੀਰਤਨ 'ਚ ਮਨ ਨੂੰ ਪ੍ਰਭੂ ਚਰਨਾਂ ਨਾਲ ਜੋੜਨ ਦਾ ਸਭ ਤੋਂ ਸੁਖਾਲਾ ਸਾਧਨ ਹੈ। ਮਨ ਚੰਚਲ ਉਡਾਰੂ ਭਰਮਦਾ ਫਿਰਦਾ ਲਗਦਾ ਹੀ ਕੀਰਤਨ ਵਿਚ ਹੈ। ਕਾਬੂ ਹੀ ਸੌਖਾ ਕੀਰਤਨ ਵਿਚ ਆਉਂਦਾ ਹੈ।

*ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ॥*

ਗੁਰਬਾਣੀ ਵਿਚ ਕੀਰਤਨ ਨੂੰ ਨਿਰਮੋਲਕ ਹੀਰਾ ਤੇ ਆਨੰਦ ਗੁਣੀ ਗਹੀਰਾ ਆਖਿਆ ਗਿਆ ਹੈ, ਇਸ ਦਾ ਰਸ ਰਾਗ ਦੇ ਰਸ ਨਾਲੋਂ ਵੱਖਰਾ ਹੈ ਦੁਨੀਆਂ ਦੇ ਸਾਰੇ ਪਦਾਰਥਾਂ ਦੇ ਰਸ ਕੀਰਤਨ ਦੇ ਰਸ ਦੇ ਮੁਕਾਬਲੇ ਕੁਝ ਵੀ ਨਹੀਂ ਹਨ। ਇਸ ਲਈ ਅੰਮ੍ਰਿਤ ਰਸ ਪੀਣ ਵਾਲਿਆਂ ਦੀ ਵਡਿਆਈ ਕਰਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ :

**ਅੰਮ੍ਰਿਤ ਰਸੁ ਹਰਿ ਕੀਰਤਨੋ ਕੋ ਵਿਰਲਾ ਪੀਵੈ।**
**ਵਜਹੁ ਨਾਨਕ ਮਿਲੈ ਏਕੁ ਨਾਮ ਰਿਦ ਜਪਿ ਜਪਿ ਜੀਵੈ ॥** (ਪੰਨਾ ੩੯੯-੪੦੦)

ਰਾਗ ਨਾਲ ਭਾਵੇਂ ਮਨੁੱਖੀ ਮਨ ਪੰਘਰਦਾ ਹੈ ਪਰ ਇਹ ਪ੍ਰਮਾਤਮਾਂ ਨਾਲ ਮੇਲ ਮਿਲਾਪ ਕਰਾਉਣ ਵਿਚ ਅਸਮਰਥ ਹੈ। ਰਾਗ ਜਦੋਂ ਗੁਰਬਾਣੀ ਦੀ ਓਟ ਲੈਂਦਾ ਹੈ ਇਸ ਵਿਚ ਇਕ ਅਦੁੱਤੀ ਰਸ ਭਰਿਆ ਜਾਂਦਾ ਹੈ। ਜਿਹੜਾ ਜਗਿਆਸੂ ਗੁਰਬਾਣੀ ਦਾ ਕੀਰਤਨ ਸੁਣਦਾ ਹੈ ਉਸ ਦਾ ਮਨ ਨਿਰਮਲ ਹੋ ਜਾਂਦਾ ਹੈ। ਉਸ ਮਨ ਨੂੰ ਕੀਰਤਨ ਰਸ ਦੀ ਪ੍ਰਾਪਤੀ ਹੁੰਦੀ ਹੈ। ਇਹ ਅਵਸਥਾ ਸਤਿ ਸੰਗਤ ਵਿਚ ਕੀਰਤਨ ਦੀਆਂ ਬਰਕਤਾਂ ਨਾਲ ਹੀ ਪ੍ਰਾਪਤ ਹੁੰਦਾ ਹੈ। ਕੀਰਤਨ ਦਾ ਸੱਚਾ ਰੰਗ ਜਦੋਂ ਫਰਕਣ ਲਗ ਜਾਂਦਾ ਹੈ ਤਾਂ ਨਾਮ ਰਸ ਦੀਆਂ ਝਰਨਾਟਾਂ ਛੇੜ ਦਿੰਦਾ ਹੈ। ਇਸ ਪ੍ਰਭਾਵ ਨਾਲ ਬੁੱਧੀ ਬਦਲ ਜਾਂਦੀ ਹੈ ਦੁੱਖ ਸੁੱਖ ਮਿੱਟੀ ਸੋਨਾ ਆਦਿ ਇਕੋ ਜਿਹੇ ਦਿਸਦੇ ਹਨ। ਨਾ ਕੋ ਬੈਰੀ ਨਹੀਂ ਬੇਗਾਨਾ, ਸਗਲ ਸਗਿ ਹਮ ਕਉ ਬਨਿਆਈ, ਵਾਲੀ ਬਿਰਤੀ ਬਣ ਜਾਂਦੀ ਹੈ। ਰੱਬ ਦੇ ਪਿਆਰੇ ਦੱਸਦੇ ਹਨ ਕਿ ਕੀਰਤਨ ਰਸ ਉਦੋਂ ਚੋਂਦਾ ਹੈ ਜਦੋਂ ਹਿਰਦੇ ਵਿਚ "ਸ਼ਬਦ ਗੁਰੂ ਸੁਰਤਿ ਧੁਨਿ ਚੇਲਾ॥ ਬਣ ਕੇ ਇਕ ਮਿਕ ਹੋਣ ਦੀ ਲੋਚਾ ਉਠਦੀ ਹੈ।

ਕੀਰਤਨ ਆਪਣੇ ਆਤਮਿਕ ਸੁੱਖ ਲਈ ਹੁੰਦਾ ਹੈ ਜਿੱਥੇ ਕੀਰਤਨ ਦੁਆਰਾ ਮਨ ਨੂੰ ਨਾਮ ਨਾਲ ਸ਼ਿੰਗਾਰਨਾ ਹੈ ਉਥੇ ਸੁੱਖ ਦਾਤਾ ਬਣ ਕੇ ਤਪਦੇ ਸੰਸਾਰ ਨੂੰ ਠਾਰਨਾ ਵੀ ਹੈ। ਕੀਰਤਨ ਅਕਾਲ ਪੁਰਖ ਦੀ ਸਿਫਤ ਸਲਾਹ ਦਾ ਨਾਮ ਹੈ। ਕੀਰਤਨ ਕਰਨ ਵੇਲੇ ਸਾਡੇ ਸਾਹਮਣੇ ਕਈ ਤਰ੍ਹਾਂ ਦੇ ਫੁਰਨੇ ਫੁਰਦੇ ਰਹਿੰਦੇ ਹਨ ਜੋ ਹੌਲੀ ਹੌਲੀ ਦੂਰ ਹੋ ਜਾਂਦੇ ਹਨ। ਜਦ ਕੀਰਤਨ ਹੁੰਦਾ ਹੈ ਤਾਂ ਗੁਰਬਾਣੀ ਵਿਚੋਂ ਕਈ ਭਾਵਾਂ ਵਾਲੇ ਸ਼ਬਦ ਗਾਇਨ ਕੀਤੇ ਜਾਂਦੇ ਹਨ ਜਿਹੜੇ ਹਰੇਕ ਜਗਿਆਸੂ ਦੀ ਬਿਰਤੀ ਅਨੁਸਾਰ ਚੁਣੇ ਹੁੰਦੇ ਹਨ :- ਜਿਵੇਂ

1. ਆਪਣੇ ਅਵਗੁਣਾਂ ਨੂੰ ਗੁਰੂ ਹਜ਼ੂਰੀ ਵਿਚ ਪ੍ਰਗਟ ਕਰਨਾ ਤੇ ਮੁਆਫੀ ਲਈ ਜੋਦੜੀ ਕਰਨੀ।
2. ਅੰਮ੍ਰਿਤ ਵੇਲੇ ਉਠ ਕੇ ਨਾਮ ਸਿਮਰਨ ਤੇ ਕੀਰਤਨ ਕਰਨ ਦੀ ਮੰਗ ਕਰਨੀ।
3. ਸ਼ੁਭ ਗੁਣਾਂ, ਭਾਵ ਪਰਉਪਕਾਰ ਆਦਿ ਕਰਮਾਂ ਲਈ ਅਰਦਾਸ ਕਰਨੀ।

ਇਸ ਤਰ੍ਹਾਂ ਕੀਤਾ ਹੋਇਆ ਕੀਰਤਨ ਸਹਿਜੇ ਸਹਿਜੇ ਵਾਹਿਗੁਰੂ ਜੀ ਦੀ ਹਜ਼ੂਰੀ ਵਿਚ ਲੈ ਜਾਂਦਾ ਹੈ ਇਸ ਕੀਰਤਨ ਵਿਚ ਸਾਨੂੰ ਵੱਡਾ ਸੁੱਖ ਮਿਲਦਾ ਹੈ ਤੇ ਸਰੀਰ ਸੁਖੀ ਹੋ ਜਾਂਦਾ ਹੈ ਅਤੇ ਮਨ ਪ੍ਰਮਾਤਮਾਂ ਨਾਲ ਜੁੜ ਜਾਂਦਾ ਹੈ। ਨਿਰੰਤਰ ਕੀਰਤਨ ਦਾ ਖੇੜਾ ਸਦਾ ਪ੍ਰਮਾਤਮਾ ਦੀ ਹਜ਼ੂਰੀ ਵਿਚ ਰੱਖਦਾ ਹੈ ਅਜਿਹੇ ਨਿਰਬਾਣ ਕੀਰਤਨੀਆਂ ਦੀ ਸੰਗਤ ਵਿਚੋਂ ਕੀਰਤਨ ਰਸ ਟੁਲ-ਟੁਲ ਕੇ ਪਾਉਂਦਾ ਹੈ। ਇਸ ਰਸ ਨੂੰ ਕੋਈ ਵਿਰਲਾ ਹੀ ਨਾਮ ਅਭਿਆਸੀ ਜਾਣਦਾ ਹੈ। ਇਹ ਰਸ ਸਰੀਰਕ ਅਤੇ ਮਾਨਸਕ ਦੋਹਾਂ ਪੱਖਾਂ ਤੋਂ ਮਨੁੱਖਾਂ ਨੂੰ ਸ਼ਕਤੀਸ਼ਾਲੀ ਬਣਾਉਂਦਾ ਹੈ।

ਜਿਨ੍ਹਾਂ ਨੇ ਕੀਰਤਨ ਨੂੰ ਕੇਵਲ ਰੋਟੀ ਦਾ ਹੀ ਹੀਲਾ ਵਸੀਲਾ ਬਣਾਇਆ ਹੋਇਆ ਹੈ ਅਤੇ ਮਾਇਆ ਵੱਲ ਨਿਗਾਹ ਰੱਖੀ ਹੈ ਉਹ ਬੇਸ਼ੱਕ ਅੱਖਾਂ ਮੀਟ ਕੇ ਸੁਰੀਲੇ ਗਲੇ ਨਾਲ ਸੁੰਦਰ ਅਤੇ ਮਨ ਭਾਉਂਦੀਆਂ ਗੀਤਾਂ ਸੁਣਾ ਕੇ ਸੰਗਤਾਂ ਨੂੰ ਕੀਰਤਨ ਸੁਣਾਈ ਜਾਣ, ਕੀਰਤਨ ਨਾਲ ਨਾ ਉਹਨਾਂ ਦੇ ਆਪਣੇ ਮਨ ਦੀ ਤ੍ਰਿਪਤੀ ਹੋ ਸਕਦੀ ਹੈ ਅਤੇ ਨਾ ਹੀ ਉਹ ਪ੍ਰਮਾਤਮਾ ਨੂੰ ਰੀਝਾਉਣ ਵਿਚ ਸਫਲ ਹੋ ਸਕਦੇ ਹਨ, ਕਿਉਂਕਿ ਉਹਨਾਂ ਦੀ ਹਾਲਤ ਉਹਨਾਂ ਕੜਛੀਆਂ ਵਰਗੀ ਹੁੰਦੀ ਹੈ ਜੋ ਮਸਾਲੇ ਵਿਚ ਰਹਿੰਦੀਆਂ ਹੋਈਆਂ ਵੀ ਸੁਆਦ ਤੋਂ ਸੱਖਣੀਆਂ ਹਨ। ਗੁਰਬਾਣੀ ਦਾ ਫੁਰਮਾਨ ਹੈ :

**ਕੜਛੀਆਂ ਫਿਰੰਨਿ ਸੁਆਉ ਨ ਜਾਣਨਿ ਸੁਞੀਆਂ ॥** (ਪੰਨਾ ੫੨੧)

ਗੁਰਮਤਿ ਦਾ ਇਹ ਸਿਧਾਂਤ ਹੈ। ਗੁਰਬਾਣੀ ਫੁਰਮਾਣ :

***ਪ੍ਰਥਮੇ ਮਨੁ ਪ੍ਰਬੋਧੈ ਆਪਣਾ ਪਾਛੈ ਅਵਰ ਰੀਝਾਵੈ ॥*** (ਪੰਨਾ ੩੮)

ਜਿਹੜਾ ਕੀਰਤਨੀਆਂ ਮਨ ਬਚ ਕਰਮ ਕਰਕੇ ਪਹਿਲਾਂ

* ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ - ੧੪੩੦੦

ਆਪਣੇ ਮਨ ਨੂੰ ਗੁਰੂ ਉਪਦੇਸ਼ ਨਾਲ ਜੋੜਦਾ ਹੈ ਉਹੋ ਸਤਿਸੰਗੀਆਂ ਨੂੰ ਗੁਰਬਾਣੀ ਰਾਹੀਂ ਪ੍ਰਸੰਨ ਕਰ ਸਕਦਾ ਹੈ ਕੀਰਤਨ ਮਨ ਦੀ ਖ਼ੁਰਾਕ ਹੈ ਜਿਸ ਦੀ ਆਪਣੀ ਆਤਮਾ ਹੀ ਇਹ ਰਸ ਨਹੀਂ ਦੇ ਸਕਦੀ ਉਸ ਦੀ ਜ਼ੁਬਾਨ ਵੀ, ਰੁੱਖੀ ਫਿੱਕੇ ਬੋਲਾਂ ਵਿਚੋਂ ਰਸ ਕਿਵੇਂ ਲਿਆ ਸਕਦਾ ਹੈ ਅਤੇ ਕੀਰਤਨ ਦੇ ਰਸੀਆਂ ਨੂੰ ਕਿਵੇਂ ਰਜਾਅ ਸਕਦਾ ਹੈ। ਕੀਰਤਨ ਦਾ ਆਨੰਦ ਸਤਿਗੁਰੂ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੁੰਦਾ ਹੈ। ਜਿਸ ਤੇ ਉਹ ਮੇਹਰ ਭਰਿਆ ਹੱਥ ਰੱਖੇ।

ਸ੍ਰੀ ਹਰਿਮੰਦਰ ਸਾਹਿਬ ਜਿੱਥੇ ਸਾਰੇ ਸੰਸਾਰ ਦਾ ਹੈ ਉੱਥੇ ਦਾਸ ਵੀ ਇਸ ਦੁਆਰ ਦਾ ਮੰਗਤਾ ਹੈ। ਰੱਬੀ ਬਾਣੀ ਦਾ ਕੀਰਤਨ ਆਪਣੇ ਆਪ ਵਿਚ ਬੜੀ ਮਹਾਨ ਬਖਸ਼ਿਸ਼ ਹੈ।

ਇਸ ਸਥਾਨ ਦੀ ਮਹਾਨਤਾ ਪਵਿੱਤ੍ਰਤਾ ਅਕੱਥਨੀਆ ਹੈ। ਹਰਿਮੰਦਰ ਸਾਹਿਬ ਦਾ ਦਰਸ਼ਨ ਕਰਨ ਆਈਆਂ ਸੰਗਤਾਂ ਨੂੰ ਪੰਜਾਬ ਦਾ ਅਲਬੇਲਾ ਕਵੀ ਪੂਰਨ ਸਿੰਘ ਲਿਖਦਾ ਹੈ ਕਿ "ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਵਾਲੇ ਸ਼ਰਧਾਲੂ ਜੀ ਪ੍ਰਕਰਮਾਂ ਵਿਚ ਅਹਿਸਤਾ ਤੇ ਅਦਬ ਨਾਲ ਚੱਲੋ ਇਸ ਦੀ ਇਕ-ਇਕ ਸੰਗਮਰਮਰ ਦੀ ਸਿਲ ਥੱਲੇ ਕਈ ਸੀਸ ਨੇ ਜੋ ਇਸ ਮਹਾਨ ਸਥਾਨ ਦੀ ਪਵਿੱਤ੍ਰਤਾ ਲਈ ਭੇਟ ਹੋਏ ਹਨ।" ਸਿੱਖ ਧਰਮ ਦੀਆਂ ਜਿਤਨੀਆਂ ਰਹੁ ਰੀਤਾਂ ਹੋਂਦ ਵਿੱਚ ਆਈਆਂ ਹਨ ਉਨ੍ਹਾਂ ਉੱਪਰ ਮੋਹਰ ਛਾਪ ਸ੍ਰੀ ਦਰਬਾਰ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਹੀ ਲਗਦੀ ਰਹੀ ਹੈ।

ਅੰਮ੍ਰਿਤ ਦੇ ਸੋਮੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਅੱਠੇ ਪਹਿਰ ਪੰਚਮ ਪਾਤਸ਼ਾਹ ਜੀ ਦੀ ਚਲਾਈ ਹੋਈ ਰੀਤੀ ਅਨੁਸਾਰ ਹਰੀ ਜਸ ਹੁੰਦਾ ਰਹਿੰਦਾ ਹੈ। ਜਿਸ ਦਾ ਸਦਕਾ ਅੰਮ੍ਰਿਤ ਰਸ ਦੇ ਝਰਨੇ ਚਲਦੇ ਰਹਿੰਦੇ ਹਨ, ਬੇਅੰਤ ਗੁਰੂ ਦੇ ਪਿਆਰੇ ਅੰਮ੍ਰਿਤ ਪੀ ਕੇ ਤ੍ਰਿਪਤ ਹੁੰਦੇ ਰਹਿੰਦੇ ਹਨ ਕੀਰਤਨ ਜਾਂ ਨਾਮ ਰਸ ਕੇਵਲ ਸ੍ਰੀ ਹਰਿਮੰਦਰ ਸਾਹਿਬ ਦੀ ਚਾਰ ਦੀਵਾਰੀ ਵਿਚ ਹੀ ਸੀਮਿਤ ਨਹੀਂ। ਇਹ ਸਰਬ ਵਿਆਪੀ ਰਸ ਹੈ ਪਰ ਇਸ ਨੂੰ ਅਭਾਗੇ ਜੀਵ ਪ੍ਰਾਪਤ ਨਹੀਂ ਕਰ ਸਕਦੇ।

ਜਿਵੇਂ ਕਿ ਗੁਰਬਾਣੀ ਦਾ ਫੁਰਮਾਣ ਹੈ :

*ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀਂ ਖਾਇ॥*

*ਬਿਨੁ ਸਤਿਗੁਰ ਪਲੈ ਨਾ ਪਾਵਿ, ਮਨਮੁਖ ਰਹੇ ਬਿਲਲਾਇ॥*

*ਓਇ ਸਤਿਗੁਰ ਆਗੈ ਨਾ ਨਿਵਹਿ, ਓਨਾ ਅੰਤਰਿ ਕ੍ਰੋਧੁ ਬਲਾਇ ॥* (ਪੰਨਾ ੪੧)

ਸਦਾ ਹਰਿ ਜਸ ਹੀ ਹਰਿ ਜਸ ਪੈਦਾ ਕਰਦਾ ਹੈ ਜਿਸ ਨਾਲ ਸਰੋਤਿਆਂ ਦੀ ਸੁਰਤਿ ਅਗੰਮੀ ਨਿਰੰਕਾਰ ਨਾਲ ਜੋੜ ਜਾਂਦੀ ਹੈ। ਉਹ ਨਾਮ ਰੰਗ ਨਾਲ ਜੁੜ ਜਾਂਦੇ ਹਨ। ਜਿਵੇਂ ਭਗਤ ਕਬੀਰ ਜੀ ਦੇ ਬਚਨ ਹਨ :

*ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥*

*ਓਇ ਭੀ ਚੰਦਨ ਹੋਇ ਰਹੇ ਬਸੇ ਜੁ ਚੰਦਨੁ ਪਾਸਿ ॥* (ਪੰਨਾ ੧੩੬੫)

**ਮਰਯਾਦਾ ਸ੍ਰੀ ਹਰਿਮੰਦਰ ਸਾਹਿਬ :**

ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਰਾਤ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਸੁੱਖਆਸਣ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਵਿਚ ਝਾੜੂ ਆਦਿ ਨਾਲ ਸੁੱਕੀ ਸੇਵਾ ਹੁੰਦੀ ਹੈ ਅਤੇ ਅੰਦਰ ਦਾ ਸਾਰਾ ਸਮਾਨ ਸੰਭਾਲਿਆ ਜਾਂਦਾ ਹੈ, ਇਹ ਸੇਵਾ ਕਰੀਬ ਸਵਾ ਘੰਟਾ ਹੁੰਦੀ ਹੈ ਬਾਅਦ ਵਿੱਚ ਦੇਗ ਵਰਤਾਈ ਜਾਂਦੀ ਹੈ ਫਿਰ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕਿਵਾੜ ਬੰਦ ਹੋ ਜਾਂਦੇ ਹਨ।

ਇਕ ਘੰਟੇ ਬਾਅਦ ਇਸ਼ਨਾਨ ਦੀ ਸੇਵਾ ਕਰਨ ਵਾਲੇ ਪ੍ਰੇਮੀ ਅੰਦਰ ਜਾਂਦੇ ਹਨ ਅਤੇ ਸੇਵਾ ਆਰੰਭ ਕਰ ਦਿੰਦੇ ਹਨ। ਇਹ ਸੇਵਾ ਕਰੀਬ 2 ਘੰਟੇ ਹੁੰਦੀ ਹੈ, ਇਸ਼ਨਾਨ ਦੀ ਸੇਵਾ ਤੋਂ ਬਾਅਦ ਪ੍ਰੇਮੀ ਸਿੰਘ ਵਿਛਾਈਆਂ ਕਰਦੇ ਹਨ ਫਿਰ ਸਤਿਗੁਰਾਂ ਦੇ ਸਿੰਘਾਸਣ ਤਿਆਰ ਕੀਤੇ ਜਾਂਦੇ ਹਨ, ਬਾਅਦ ਵਿਚ ਅਰਦਾਸ ਕੀਤੀ ਜਾਂਦੀ ਹੈ। ਪਹਿਲੀ ਦੇਗ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਅਤੇ ਦਰਬਾਰ ਸਾਹਿਬ ਦੇ ਖਜਾਨੇ ਵਿਚੋਂ ਆਉਂਦੀ ਹੈ। ਦੂਸਰੇ ਪਾਸੇ ਦਰਸ਼ਨੀ ਡਿਉੜੀ ਦੇ ਬਾਹਰ ਪ੍ਰੇਮੀ ਸਿੰਘ ਪਹਿਲੇ ਸ਼ਬਦ ਪੜ੍ਹਦੇ ਹਨ ਅਤੇ 10 ਮਿੰਟ ਕੁਆੜ ਖੁਲਣ ਤੋਂ ਪਹਿਲਾਂ :

*ਦਰਮਾਦੇ ਠਾਢੇ ਦਰਬਾਰਿ ॥*

*ਤੁਝ ਬਿਨੁ ਸੁਰਤਿ ਕਰੈਕੋ ਮੇਰੀ, ਦਰਸਨੁ ਦੀਜੈ ਖੋਲਿ ਕਿਵਾਰ ॥*

ਇਸ ਸ਼ਬਦ ਦਾ ਗਾਇਨ ਕਰਦੇ ਹਨ। ਘੜਿਆਲ ਵਜਦਾ ਹੈ, ਸਰਦੀਆਂ ਵਿੱਚ 3 ਵਜੇ ਅਤੇ ਗਰਮੀਆਂ ਵਿਚ 2 ਵਜੇ, ਕਿਵਾੜ ਖੁਲ੍ਹ ਜਾਂਦੇ ਹਨ।

ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰੇ ਕਰਨ ਅੰਦਰ ਜਾਂਦੀਆਂ ਹਨ। ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਆਰੰਭ ਹੋ ਜਾਂਦਾ ਹੈ। ਇਸ ਚੌਕੀ ਨੂੰ ਤਿੰਨ ਪਹਿਰੇ ਵਾਲੀ ਚੌਕੀ ਕਰ ਕੇ ਜਾਣਿਆ ਜਾਂਦਾ ਹੈ। ਇਕ ਘੰਟੇ ਦੀ ਇਹ ਚੌਕੀ ਗਰਮੀਆਂ ਵਿਚ ਤਿੰਨ ਵਜੇ ਅਤੇ ਸਰਦੀਆਂ ਵਿਚ 4 ਵਜੇ ਸਮਾਪਤ ਹੁੰਦੀ ਹੈ, ਫਿਰ ਦੂਸਰਾ ਰਾਗੀ ਜਥਾ ਆ ਜਾਂਦਾ ਹੈ ਤੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋ ਜਾਂਦਾ ਹੈ। ਕਰੀਬ ਇਕ ਘੰਟੇ ਮਗਰੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਅਕਾਲ ਤਖਤ ਸਾਹਿਬ ਤੋਂ ਅਰਦਾਸਾ ਸੋਧ ਕੇ ਪਾਲਕੀ ਵਿਚ ਬਿਰਾਜਮਾਨ ਕਰਕੇ ਗ੍ਰੰਥੀ ਸਿੰਘ ਜੀ ਅਤੇ ਸੰਗਤ ਰਲ ਕੇ ਸ਼ਬਦ ਗਾਉਂਦੀਆਂ ਨਿਗਾਰੇ ਦੀਆਂ ਚੋਟਾਂ ਅਤੇ ਨਰਸਿੰਘੇ ਦੀਆਂ ਗੂੰਜਦੀਆਂ ਧੁੰਨੀਆਂ ਨਾਲ ਸ੍ਰੀ ਹਰਿਮੰਦਰ ਸਾਹਿਬ ਵਲ ਆਉਂਦੀਆਂ ਹਨ। ਉਸ ਵਕਤ ਕਰੀਬ ਅੱਧੀ ਆਸਾ ਦੀ ਵਾਰ ਕੀ ਕੀਰਤਨ ਹੋ ਗਿਆ ਹੁੰਦਾ ਹੈ, ਰਾਗੀ ਸਿੰਘ ਸ਼ਬਦ ਪੜ੍ਹ ਰਹੇ ਹੁੰਦੇ ਹਨ।

ਪਾਲਕੀ ਸਾਹਿਬ ਜਦ ਸ੍ਰੀ ਹਰਿਮੰਦਰ ਸਾਹਿਬ ਦੇ ਮੇਨ ਦਰਵਾਜ਼ੇ ਦੇ ਨੇੜੇ ਪੁੱਜਦੀ ਹੈ ਰਾਗੀ ਸਿੰਘ ਸ਼ਬਦ ਦੀ ਸਮਾਪਤੀ ਕਰ ਦਿੰਦੇ ਹਨ ਅਤੇ ਸੰਗਤਾਂ ਉਠ ਕੇ ਖਲੋ ਜਾਂਦੀਆਂ ਹਨ ਤੇ ਉੱਚੀ ਉੱਚੀ ਸਤਿਨਾਮ ਸ੍ਰੀ ਵਾਹਿਗੁਰੂ ਸਾਹਿਬ ਜੀਉ ਦੀ ਧੁਨੀ ਨਾਲ ਰਲ ਕੇ ਬੋਲਦੀਆਂ ਹਨ । ਸਿੰਘ ਸਾਹਿਬ ਗ੍ਰੰਥੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬੜੇ ਅਦਬ ਸਤਿਕਾਰ ਨਾਲ ਪਾਲਕੀ ਸਾਹਿਬ ਵਿਚੋਂ ਆਪਣੇ ਸਿਰ ਉੱਪਰ ਰੱਖ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿੰਘਾਸਨ ਕੋਲ ਆ ਜਾਂਦੇ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੰਘਾਸਣ ਤੇ ਬੜੇ ਅਦਬ ਸਤਿਕਾਰ ਨਾ ਸ਼ਸ਼ੋਭਤ ਕਰਦੇ ਹਨ।

ਗ੍ਰੰਥੀ ਸਿੰਘ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਦੀ ਤਿਆਰੀ ਕਰਦੇ ਹਨ, ਸੰਗਤ ਵਿਚੋਂ ਪ੍ਰੀਤਵਾਨ ਸਿੰਘ ਉਠ ਕੇ ਗੁਰੂ ਮਹਾਰਾਜ ਜੀ ਦੀ ਉਪਮਾ ਉਨ੍ਹਾਂ ਸਵੱਈਆਂ ਵਿਚੋਂ ਕਰਦੇ ਹਨ ਜਿਹੜੇ ਭੱਟਾਂ ਨੇ ਸਤਿਗੁਰਾਂ ਦੇ ਚਰਨ ਪਰਸ ਕੇ ਉਚਾਰਨ ਕੀਤੇ ਹਨ, ਅਖੀਰ ਤੇ ਇਕ ਪ੍ਰੇਮੀ ਸਿੰਘ ਬਹੁਤ ਉੱਚੀ ਅਤੇ ਸੁਰੀਲੀ ਆਵਾਜ਼ ਵਿਚ ਬੋਲਦਾ ਹੈ :-

*ਹਮ ਅਵਗੁਣਿ ਭਰੇ ਏਕੁ ਗੁਣ ਨਾਹੀ ॥ ਅੰਮ੍ਰਿਤ ਛਾਡਿ ਬਿਖੈ ਬਿਖੁ ਖਾਈ ॥*

*ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤ ਲਗਾਈ॥*

*ਇਕ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥*

*ਇਕ ਅਰਦਾਸਿ ਭਾਟ ਕੀਰਤਿ ਕੀ, ਗੁਰ ਰਾਮ ਦਾਸ ਰਾਖਹੁ ਸਰਣਾਈ॥*

ਨਾਲ ਹੀ ਗ੍ਰੰਥੀ ਸਿੰਘ ਜੀ ਹੁਕਮਨਾਮਾ ਲੈਂਦੇ ਹਨ। ਹੁਕਮਨਾਮੇ ਦੀ ਸਮਾਪਤੀ ਤੋਂ ਬਾਅਦ ਰਾਗੀ ਸਿੰਘ ਸ਼ਬਦ ਪੜ੍ਹਦੇ ਹਨ ਤੇ ਨਾਲ ਬਾਕੀ ਰਹਿੰਦੀ ਆਸਾ ਦੀ ਵਾਰ ਦਾ ਕੀਰਤਨ ਆਰੰਭ ਕਰ ਦਿੰਦੇ ਹਨ। ਕਰੀਬ ਅੱਧੇ ਘੰਟੇ ਮਗਰੋਂ ਰਾਗੀ ਸਿੰਘ ਅਨੰਦ ਸਾਹਿਬ ਦਾ ਪਾਠ ਕਰਦੇ ਹਨ। ਅਰਦਾਸੀਆ ਸਿੰਘ ਸ਼ਬਦ ਚੌਕੀ ਅਤੇ ਅਨੰਦ ਸਾਹਿਬ ਦੀ ਅਰਦਾਸ ਕਰਦਾ ਹੈ ਤੇ ਫਿਰ ਬਾਅਦ ਵਿਚ ਰਾਗੀ ਸਿੰਘ ਫਿਰ ਬਾਕੀ ਰਹਿੰਦੀ ਆਸਾ ਦੀ ਵਾਰ ਦਾ ਕੀਰਤਨ ਅਰੰਭ ਕਰ ਦਿੰਦੇ ਹਨ। ਨਾਲ ਹੀ ਨਾਲ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਜਾਂਦੀ ਹੈ, ਇਸ ਤਰ੍ਹਾਂ ਗਰਮੀਆਂ ਵਿਚ 6 ਵਜੇ ਅਤੇ ਸਰਦੀਆਂ ਵਿਚ 7 ਵਜੇ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਦਾ ਭੋਗ ਪੈਂਦਾ ਹੈ ਤੇ ਫਿਰ ਅਰਦਾਸ ਹੁੰਦੀ ਹੈ ਅਰਦਾਸ ਤੋਂ ਬਾਅਦ ਗ੍ਰੰਥੀ ਸਿੰਘ ਅੰਮ੍ਰਿਤ ਵੇਲੇ ਵਾਲਾ ਹੀ ਹੁਕਮਨਾਮਾ ਲੈਂਦਾ ਹੈ। ਹੁਕਮਨਾਮੇ ਦੀ ਸਮਾਪਤੀ ਤੋਂ ਬਾਅਦ ਸੰਗਤ ਵਿਚੋਂ ਪ੍ਰੇਮੀ ਸਿੰਘ : 'ਸਭੇ ਬੋਲੋ ਵਾਹਿਗੁਰੂ ਜੀ' ਦੀ ਧੁੰਨੀ ਲਾ ਕੇ ਕਰੀਬ 5 ਮਿੰਟ ਸ਼ਬਦ ਪੜ੍ਹਦੇ ਹਨ ਉਪਰੰਤ ਫਿਰ ਅਖੰਡ ਕੀਰਤਨ ਆਰੰਭ ਹੋ ਜਾਂਦਾ ਹੈ ਜਿਹੜਾ ਲਗਾਤਾਰ 12 ਵਜੇ ਤੀਕ 4,5 ਚੌਕੀਆਂ ਵਿੱਚ ਹੁੰਦਾ ਹੈ 12 ਵਜੇ ਰਾਗੀ ਜਥਾ ਸ੍ਰੀ ਅਨੰਦ ਸਾਹਿਬ ਦਾ ਪੰਜ ਪੌੜੀਆਂ ਦਾ ਪਾਠ ਪੜ੍ਹਦਾ ਹੈ। ਤੇ ਫਿਰ ਚੌਕੀ ਅਤੇ ਅਨੰਦ ਸਾਹਿਬ ਦੀ ਅਰਦਾਸ ਹੁੰਦੀ ਹੈ। ਅਰਦਾਸ ਦੀ ਸਮਾਪਤੀ ਤੋਂ ਬਾਅਦ ਫਿਰ ਜਥਾ ਬਦਲ ਜਾਂਦਾ ਹੈ ਤੇ ਕੀਰਤਨ ਆਰੰਭ ਹੋ ਜਾਂਦਾ ਹੈ।

ਤਿੰਨ ਵਜੇ ਰਾਗੀ ਜਥਾ ਚਰਨ ਕਮਲ ਦਾ ਸ਼ਬਦ ਪੜ੍ਹਦਾ ਹੈ ਤੇ ਛੋਟੀ ਆਰਤੀ ਕੀਤੀ ਜਾਂਦੀ ਹੈ ਉਪਰੰਤ ਸ਼ਬਦ ਚੌਕੀ ਚਰਨ ਕਮਲ ਦੀ ਅਰਦਾਸ ਹੁੰਦੀ ਹੈ ਤੇ ਫਿਰ ਕੀਰਤਨ ਆਰੰਭ ਹੋ ਜਾਂਦਾ ਹੈ ਫਿਰ ਸੂਰਜ ਛਿਪਣ ਤੇ ਰਾਗੀ ਸਿੰਘ 'ਹਰਿ ਜੁਗਿ ਜੁਗਿ ਭਗਤਿ ਉਪਾਇਆ' ਵਾਲਾ ਛੰਕਾ ਲੈ ਕੇ ਸਲੋਕ ਮਹਲਾ ੧ ਦੁਖ ਦਾਰੂ ਸੁਖ ਰੋਗ ਭਇਆ, ਵਾਲਾ ਸਲੋਕ ਬੋਲਦੇ ਹਨ ਤੇ ਫਿਰ ਸੋਦਰੁ ਰਾਗ ਆਸਾ ਮਹਲਾ ੧ ਸੋਦਰੁ ਤੇਰਾ ਕੇਹਾ ਸੁ ਘਰਿ ਕੇਹਾ' ਸ਼ਬਦ ਕੀਰਤਨ ਰਾਹੀਂ ਬੋਲਕੇ ਫਤਹਿ ਬੁਲਾ ਦੇਂਦੇ ਹਨ, ਨਾਲ ਹੀ ਗ੍ਰੰਥੀ ਸਿੰਘ ਜੀ ਆਸਾ ਮਹਲਾ ੧ ਸੁਣਿ ਵਡਾ ਆਖੈ ਸਭਿ ਕੋਇ ਤੋਂ ਪਾਠ ਅਰੰਭ ਕਰ ਦੇਂਦੇ ਹਨ ਇਸ ਤਰ੍ਹਾਂ ਰਹਿਰਾਸ ਸਾਹਿਬ ਜੀ ਦੇ ਪਾਠ ਤੋਂ ਬਾਅਦ ਸ਼ਬਦ ਚੌਕੀ ਸੋਦਰ ਰਹਿਰਾਸ ਸਾਹਿਬ ਜੀ ਦੀ ਅਰਦਾਸ ਹੁੰਦੀ ਹੈ। ਅਰਦਾਸ ਦੀ ਸਮਾਪਤੀ ਤੋਂ ਬਾਅਦ ਗ੍ਰੰਥੀ ਜੀ ਹੁਕਮਨਾਮਾ ਲੈਂਦੇ ਹਨ। ਹੁਕਮਨਾਮੇ ਦੀ ਸਮਾਪਤੀ ਤੋਂ ਬਾਅਦ ਰਾਗੀ ਸਿੰਘ ਅਤੇ ਸੰਗਤਾਂ ਰਲ ਕੇ ਆਰਤੀ ਕਰਦੇ ਹਨ। ਆਰਤੀ ਦੀ ਸਮਾਪਤੀ ਤੋਂ ਬਾਅਦ ਅਰਦਾਸੀਆ ਸਿੰਘ (ਸੰਖੇਪ ਜਿਹੀ) ਛੋਟੀ ਅਰਦਾਸ ਕਰਦਾ ਹੈ, ਸੰਗਤ ਸਜੀ ਰਹਿੰਦੀ ਹੈ ਫਿਰ ਆਰਤੀ ਦੀ ਸਮਾਪਤੀ ਤੋਂ ਬਾਅਦ ਕੀਰਤਨ ਆਰੰਭ ਹੋ ਜਾਂਦਾ ਹੈ। ਇਸ ਚੌਕੀ ਨੂੰ ਆਰਤੀ ਅਤੇ ਕਲਿਆਣ ਦੀ ਚੌਕੀ ਜਾਣਿਆ ਜਾਂਦਾ ਹੈ ਕਰੀਬ ਇਕ ਘੰਟੇ ਬਾਅਦ ਪ੍ਰੇਮੀ ਸਿੰਘਾਂ ਦੀ ਚੌਕੀ ਸ਼ਬਦ ਪੜ੍ਹਦੀ ਪਹਿਲਾਂ ਬਾਹਰਲੀਆਂ ਪ੍ਰਕਰਮਾਂ ਕਰਦੀ ਹੋਈ ਹਰਿਮੰਦਰ ਸਾਹਿਬ ਪੁੱਜਦੀ ਹੈ ਤਾਂ ਰਾਗੀ ਸਿੰਘ ਕੀਰਤਨ ਦੀ ਸਮਾਪਤੀ ਕਰ ਦੇਂਦੇ ਹਨ।

ਫਿਰ ਇਹ ਚੌਕੀ ਸ੍ਰੀ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾਂ ਕਰਦੀ ਹੈ, ਬਾਹਰ ਸਾਹਮਣੇ ਵਾਲੇ ਦਰਵਾਜੇ ਲਾਗੇ ਖਲੋ ਕੇ ਇਹ ਪ੍ਰੇਮੀ ਸਿੰਘ ਅਰਦਾਸ ਕਰਦਾ ਹੈ। ਇਸ ਚੌਕੀ ਨੂੰ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਵਰ ਪ੍ਰਾਪਤ ਹੈ। (ਜਦ ਜਹਾਂਗੀਰ ਨੇ ਸਤਿਗੁਰਾਂ ਨੂੰ ਗਵਾਲੀਅਰ ਦੇ ਕਿਲੇ ਵਿਚ ਬੰਦ ਕਰ ਦਿੱਤਾ ਸੀ, ਤਾਂ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਸਾਹਿਬ ਜੀ ਨੇ ਸਤਿਗੁਰਾਂ ਦੇ ਵਿਛੋੜੇ ਨੂੰ ਮੁੱਖ ਰੱਖਕੇ ਇਹ ਚੌਕੀ ਆਰੰਭ ਕੀਤੀ ਸੀ ਜਦ ਗੁਰੂ ਸਾਹਿਬ ਰਿਹਾਅ ਹੋ ਕੇ ਆਏ ਸਨ ਤਾਂ ਸਤਿਗੁਰੂ ਜੀ ਆਪ ਖੁਦ ਇਸ ਚੌਕੀ ਵਿਚ ਨਾਲ ਸ਼ਾਮਲ ਹੋਏ ਉਸ ਸਮੇਂ ਤੋਂ ਨਿਰੰਤਰ ਇਹ ਚੌਕੀ ਸ਼ਬਦ ਪੜ੍ਹਦੀ ਚਲੀ ਆ ਰਹੀ ਹੈ) ਅਰਦਾਸ ਦੀ ਸਮਾਪਤੀ ਤੋਂ ਬਾਅਦ ਕੀਰਤਨ ਫਿਰ ਆਰੰਭ ਹੋ ਜਾਂਦਾ ਹੈ ਇਸ ਚੌਕੀ ਨੂੰ ਕੀਰਤਨ ਸੋਹਿਲੇ ਦੀ ਚੌਕੀ ਕਰਕੇ ਜਾਣਿਆ ਜਾਂਦਾ ਹੈ। ਸਰਦੀਆਂ ਸਮੇਂ ਮੁਤਾਬਿਕ ਰਾਤ 9-30 ਅਤੇ ਗਰਮੀਆਂ ਵਿੱਚ ਰਾਤ 10-30 ਵਜੇ ਅੰਦਰਲੇ ਸੇਵਾਦਾਰ ਗੁਰੂ ਗ੍ਰੰਥ ਸਾਹਿਬ ਦੇ ਰੁਮਾਲੇ ਬੜੇ ਅਦਬ ਸਤਿਕਾਰ ਨਾਲ ਉਤਾਰਦੇ ਹਨ। ਨਾਲੋ ਨਾਲ ਰੁਮਾਲਿਆਂ ਨੂੰ ਤੈਅ ਲਾ ਲਾ ਕੇ ਲਾਗੇ ਪਏ

ਟਰੰਕ ਵਿਚ ਰਖੀ ਜਾਂਦੇ ਹਨ। ਜਦ ਅਖੀਰਲਾ ਰੁਮਾਲਾ ਉਤਾਰਦੇ ਹਨ ਤਾਂ ਰਾਗੀ ਸਿੰਘ ਕੀਰਤਨ ਦੀ ਸਮਾਪਤੀ ਕਰ ਦਿੰਦੇ ਹਨ।

ਗ੍ਰੰਥੀ ਸਿੰਘ ਜੀ ਹੁਕਮਨਾਮਾ ਲੈਂਦੇ ਹਨ ਅਤੇ ਹੁਕਮਨਾਮੇ ਤੋਂ ਬਾਅਦ ਕੀਰਤਨ ਸੋਹਿਲਾ ਜੀ ਦਾ ਪਾਠ ਕਰੀ ਜਾਂਦੇ ਹਨ, ਨਾਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੁਖਆਸਣ ਦੀ ਸੇਵਾ ਕਰੀ ਜਾਂਦੇ ਹਨ। ਜਦ ਕੀਰਤਨ ਸੁਹਲੇ ਜੀ ਦਾ ਪਾਠ ਪੂਰਾ ਹੋ ਜਾਂਦਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਆਸਣ ਦੀ ਸੇਵਾ ਪੂਰੀ ਹੋ ਜਾਂਦੀ ਹੈ। ਫਿਰ ਰਾਗੀ ਸਿੰਘ ਜੀ ਪਉੜੀ :-

*ਰੈਣਿ ਦਿਨਸੁ ਪਰਭਾਤਿ ਤੂਹੈ ਹੀ ਗਾਵਣਾ ॥* ਜਾਂ *ਸੰਤ ਜਨਾ ਮਿਲਿ ਹਰਿ ਜਸੁ ਗਾਇਓ ॥*

ਸ਼ਬਦ ਪੜ੍ਹ ਕੇ ਸਲੋਕ :-

*ਪਵਣ ਗੁਰੂ ਪਾਣੀ ਪਿਤਾ...*, ਪੜ੍ਹ ਕੇ ਫਤਹਿ ਬੁਲਾ ਦੇਂਦੇ ਹਨ।

ਫਿਰ ਅਰਦਾਸੀਆ ਸਿੰਘ ਸ਼ਬਦ ਚੌਂਕੀ ਕੀਰਤਨ ਸੁਹਿਲੇ ਦੀ ਅਰਦਾਸ ਕਰਦਾ ਹੈ। ਅਰਦਾਸ ਤੋਂ ਬਾਅਦ ਗ੍ਰੰਥੀ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬੜੇ ਅਦਬ ਸਤਿਕਾਰ ਨਾਲ ਸਿਰ ਉੱਪਰ ਚੁੱਕ ਕੇ ਤੁਰਦੇ ਹਨ,, ਚੌਰ ਬਰਦਾਰ ਚੌਰ ਕਰਦਾ ਨਾਲ ਨਾਲ ਆਉਂਦਾ ਹੈ। ਸਵੇਰ ਦੀ ਤਰ੍ਹਾਂ ਸੰਗਤਾਂ ਬਾਹਰ ਪਾਲਕੀ ਸਜਾ ਕੇ ਖੜ੍ਹੀਆਂ ਹੁੰਦੀਆਂ ਹਨ। ਸਿੰਘ ਸਾਹਿਬ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਾਲਕੀ ਵਿਚ ਸੁਸ਼ੋਭਤ ਕਰਦੇ ਹਨ ਤਾਂ ਨਰਸਿੰਘਾਂ ਦੀਆਂ ਗੂੰਜਦੀਆਂ ਧੁੰਨੀਆਂ ਨਾਲ ਸਵਾਰੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਤੁਰ ਪੈਂਦੀ ਹੈ। ਸ੍ਰੀ ਹਰਿਮੰਦਰ ਸਾਹਿਬ ਕੇ ਕਿਵਾੜ ਬੰਦ ਕਰ ਦਿਤੇ ਜਾਂਦੇ ਹਨ, ਪਿਛਲੇ ਪਾਸੇ ਵਾਲਾ ਦਰਵਾਜਾ ਕੁਝ ਚਿਰ ਲਈ ਖੁੱਲਾ ਹੁੰਦਾ ਹੈ, ਪ੍ਰੇਮੀ ਸਿੰਘ ਕਰੀਬ ਸਵਾ ਘੰਟਾ (ਸੁੱਕੀ ਸੇਵਾ) ਝਾੜੂ ਆਦਿ ਨਾਲ ਕਰਦੇ ਹਨ। ਸਮਾਨ ਸੰਭਾਲਿਆ ਜਾਂਦਾ ਹੈ ਫਿਰ ਦੇਗ ਵਰਤਾਅ ਕੇ ਕਿਵਾੜ ਬੰਦ ਕਰ ਦਿਤੇ ਜਾਂਦੇ ਹਨ ਉਧਰ ਪਾਲਕੀ ਸਾਹਿਬ ਦਰਸ਼ਨੀ ਡਿਉੜੀ ਤੋਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਜਾਂਦੀ ਹੈ ਤਾਂ ਦਰਸ਼ਨੀ ਡਿਓੜੀ ਦੇ ਕਿਵਾੜ ਬੰਦ ਕਰ ਦਿਤੇ ਜਾਂਦੇ ਹਨ। ਸ੍ਰੀ ਅਕਾਲ ਤਖਤ ਸਾਹਿਬ ਦੇ ਮੇਨ ਦਰਵਾਜੇ ਤਕ ਜਾਂਦੀ ਹੈ ਉਥੋਂ ਗ੍ਰੰਥੀ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂ ਬੜੇ ਅਦਬ ਸਤਿਕਾਰ ਨਾਲ ਸਿਰ ਉਪਰ ਚੁੱਕੇ ਕੇ ਸੁਖਆਸਣ ਵਾਲੇ ਕਮਰੇ ਵਿਚ ਲਿਜਾ ਕੇ ਪਲੰਘ ਤੇ ਬਿਰਾਜਮਾਨ ਕਰਕੇ ਫਿਰ ਅਰਦਾਸ ਕੀਤੀ ਜਾਂਦੀ ਹੈ ਅਤੇ ਫਤਹਿ ਬੁਲਾਈ ਜਾਂਦੀ ਹੈ।

ਇਸ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਦਾ ਪ੍ਰਵਾਹ 18 ਤੋਂ 20 ਘੰਟੇ ਰੋਜਾਨਾ ਹੈ। ਬਾਕੀ ਸਮਾਂ ਜਿੰਨਾ ਚਿਰ ਸੇਵਾ ਹੁੰਦੀ ਹੈ ਰੱਬੀ ਬਾਣੀ ਦਾ ਜਾਪ ਵੀ ਨਾਲ ਨਾਲ ਨਿਰੰਤਰ ਚਲਦਾ ਰਹਿੰਦਾ ਹੈ। ■

*(ਧੰਨਵਾਦ ਸਹਿਤ 'ਗੁਰਦੁਆਰਾ ਗਜ਼ਟ ਵਿਚੋਂ')*

## ਭਾਈ ਹਰਚਰਨ ਸਿੰਘ ਦਰਵੇਸ਼ ਨਹੀਂ ਰਹੇ ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਾਬਕਾ ਹਜ਼ੂਰੀ ਰਾਗੀ ਪ੍ਰਸਿੱਧ ਕੀਰਤਨੀਏ ਭਾਈ ਹਰਚਰਨ ਸਿੰਘ 7 ਜਨਵਰੀ ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਭਾਈ ਸਾਹਿਬ ਦਾ ਜਨਮ 2 ਜੁਲਾਈ 1938 ਨੂੰ ਜੰਮੂ-ਕਸ਼ਮੀਰ ਵਿੱਚ ਖੜ੍ਹੀ ਧਰਮਸ਼ਾਲਾ ਜ਼ਿਲ੍ਹਾ ਪੁੰਣਛ ਵਿਖੇ ਭਾਈ ਕਾਹਨ ਸਿੰਘ ਦੇ ਘਰ ਹੋਇਆ। ਘਰ ਦਾ ਮਾਹੌਲ ਧਾਰਮਿਕ ਹੋਣ ਕਰਕੇ ਬਿਰਤੀ ਬਚਪਨ ਸਿੰਘ ਹੀ ਧਾਰਮਿਕ ਸੀ। ਉਹ ਸਰਗੋਧਾ (ਹੁਣ ਪਾਕਿਸਤਾਨ) ਵਿਖੇ ਇਕ ਧਾਰਮਿਕ ਵਿਦਿਆਲੇ ਤੋਂ ਵਿਦਿਆ ਪ੍ਰਾਪਤ ਕਰ ਰਹੇ ਸੀ ਕਿ ਦੇਸ਼ ਦੀ ਵੰਡ ਹੋ ਗਈ। ਪਰਿਵਾਰ ਤੋਂ ਵਿਛੜ ਕੇ ਉਹ ਭਾਰਤ ਆਏ। ਉਨ੍ਹਾਂ ਦੇ ਮਾਤਾ-ਪਿਤਾ ਤੇ ਪਰਿਵਾਰ ਦੇ ਬਾਕੀ ਜੀਅ ਪਾਕਿਸਤਾਨ ਵਿੱਚ ਮਾਰੇ ਗਏ। ਸਿਰਫ਼ ਇਕ ਭੈਣ ਬਚ ਸਕੀ ਸੀ, ਜਿਸ ਨਾਲ ਉਨ੍ਹਾਂ ਦਾ ਮੇਲ 1960 ਵਿੱਚ ਹੋਇਆ। ਪਾਕਿਸਤਾਨ ਤੋਂ ਆ ਕੇ ਉਨ੍ਹਾਂ ਜ਼ਿਲ੍ਹਾ ਰੋਪੜ ਵਿੱਚ ਮੋਰਿੰਡੇ ਲਾਗੇ ਖੰਟ ਮਾਨਪੁਰ ਵਿਖੇ ਇਕ ਯਤੀਮਖਾਨੇ ਵਿੱਚ ਰਹਿ ਕੇ ਧਾਰਮਿਕ ਵਿੱਦਿਆ ਅਤੇ ਸੰਗੀਤ ਦੀ ਵਿੱਦਿਆ ਲਈ। ਭਾਈ ਅਮਰੀਕ ਸਿੰਘ ਜੋ ਪਿੱਛੋਂ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਵਜੋਂ ਸੇਵਾ ਕਰਦੇ ਰਹੇ, ਉਨ੍ਹਾਂ ਦੇ ਉਸਤਾਦ ਸਨ। ਭਾਈ ਅਮਰੀਕ ਸਿੰਘ 1956 ਵਿੱਚ ਸ਼੍ਰੋਮਣੀ ਕਮੇਟੀ ਦੀ ਸੇਵਾ ਵਿਚ ਆਕੇ ਆਨੰਦਪੁਰ ਸਾਹਿਬ ਵਿਖੇ ਰਾਗੀ ਦੀ ਸੇਵਾ ਕਰਨ ਲੱਗੇ ਤਾਂ ਭਾਈ ਹਰਚਰਨ ਸਿੰਘ ਉਨ੍ਹਾਂ ਨਾਲ ਸਹਾਇਕ ਰਾਗੀ ਵਜੋਂ ਸੇਵਾ ਨਿਭਾਉਣ ਲੱਗੇ। ਉਥੋਂ ਪਹਿਲਾਂ ਗੁਰਦੁਆਰਾ ਦੁਖ ਨਿਵਾਰਨ ਸਾਹਿਬ, ਪਟਿਆਲੇ ਵੀ ਬਦਲੀ ਹੋਈ ਅਤੇ ਫਿਰ ਸ੍ਰੀ ਦਰਬਾਰ ਸਾਹਿਬ, ਤਰਨਤਾਰਨ ਜਿਥੋਂ 1961 ਵਿੱਚ ਬਦਲ ਕੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਆ ਗਏ। ਜੂਨ 1984 ਵਿੱਚ ਜਦੋਂ ਫੌਜ ਨੇ ਸ੍ਰੀ ਹਰਿਮੰਦਰ ਸਾਹਿਬ ਤੇ ਕਾਰਵਾਈ ਕੀਤੀ, ਉਸ ਵੇਲੇ ਉਹ ਆਸਾ ਜੀ ਦੀ ਵਾਰ ਦੀ ਡਿਊਟੀ ਤੇ ਸਨ। ਭਾਈ ਅਮਰੀਕ ਸਿੰਘ ਦੇ ਇਸ ਕਾਰਵਾਈ ਵਿੱਚ ਮਾਰੇ ਜਾਣ ਮਗਰੋਂ ਭਾਈ ਹਰਚਰਨ ਸਿੰਘ ਇਸ ਰਾਗੀ ਜਥੇ ਦੇ ਜਥੇਦਾਰ ਬਣੇ। ਭਾਈ ਹਰਚਰਨ ਸਿੰਘ ਦੀ ਰਿਹਾਇਸ਼ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਪਰਿਕਰਮਾ ਸਕੀਮ ਵਿੱਚ ਚੌਕ ਘੰਟਾਘਰ ਵਿਖੇ ਸੀ। ਕੀਰਤਨ ਕਰਨ ਲਈ ਭਾਈ ਸਾਹਿਬ ਅਮਰੀਕਾ ਅਤੇ ਕੈਨੇਡਾ ਵੀ ਦੀ ਨੌਕਰੀ ਤੋਂ 31 ਮਾਰਚ 1998 ਨੂੰ ਰਿਟਾਇਰ ਹੋਏ ਸਨ।

# ਕੀਰਤਨ ਸਮਰਾਟ - ਭਾਈ ਸੰਤਾ ਸਿੰਘ ਜੀ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਸੰਗੀਤ ਨੂੰ ਸਿਧਾਂਤਕ ਤੇ ਵਿਵਹਾਰਕ ਰੂਪ ਵਿਚ ਸੁਦ੍ਰਿੜ ਸਰੂਪ ਪ੍ਰਵਾਨ ਕਰਵਾਇਆ। ਗੁਰੂ ਸਾਹਿਬ ਨੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਗੁਰਮਤਿ ਸੰਗੀਤ ਪ੍ਰੰਪਰਾ ਨੂੰ ਸਥਾਈ ਰੂਪ ਵਿਚ ਸਥਾਪਿਤ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਕੀਰਤਨ ਪਰੰਪਰਾ ਨੂੰ ਗੁਰੂ ਅਰਜਨ ਦੇਵ ਜੀ ਨੇ ਬੜੇ ਸੁਚੱਜੇ ਢੰਗ ਨਾਲ ਅੱਗੇ ਤੋਰਿਆ। ਉਹ ਖੁਦ ਵੀ ਇਕ ਮਹਾਨ ਸੰਗੀਤਕਾਰ ਸਨ ਅਤੇ ਕੀਰਤਨ ਦਾ ਸਭ ਤੋਂ ਵਧੇਰੇ ਪ੍ਰਚਾਰ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਹੋਇਆ। ਗੁਰੂ ਜੀ ਨੇ ਕੀਰਤਨ ਦੀ ਪ੍ਰੰਪਰਾ ਨੂੰ ਆਮ ਸਿੱਖਾਂ ਵਿੱਚ ਪ੍ਰਚਾਰਿਆ, ਜਿਸ ਨਾਲ ਸਿੱਖਾਂ ਵਿਚ ਗੁਰਮਤਿ ਸੰਗੀਤ ਦੀ ਰੁਚੀ ਦਾ ਵਿਸਥਾਰ ਹੋਇਆ, ਇਸ ਤੋਂ ਪਹਿਲਾਂ ਮਿਰਾਸੀ ਜਾਂ ਡੂੰਮ ਹੀ ਗੁਰੂ ਦਰਬਾਰ ਵਿੱਚ ਕੀਰਤਨ ਕਰਿਆ ਕਰਦੇ ਸਨ। ਗੁਰੂ ਨਾਨਕ ਦੇਵ ਜੀ ਦੇ ਸਾਥੀ ਭਾਈ ਮਰਦਾਨੇ ਦੇ ਸਤਿਕਾਰ ਨੂੰ ਮੁੱਖ ਰੱਖ ਕੇ ਰਬਾਬੀਆਂ ਨੂੰ ਹੀ ਕੀਰਤਨ ਕਰਨ ਦੀ ਸੇਵਾ ਤੇ ਲਾਇਆ ਜਾਂਦਾ ਸੀ। ਸਿੱਖਾਂ ਨੂੰ ਵੀ ਰਾਗ ਵਿੱਦਿਆ ਮੁਸਲਮਾਨ ਰਬਾਬੀਆਂ ਪਾਸੋਂ ਹੀ ਸਿੱਖਣੀ ਪੈਂਦੀ ਸੀ। ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿੱਚ ਭਾਈ ਸੱਤਾ ਤੇ ਭਾਈ ਬਲਵੰਡ ਕੀਰਤਨ ਕਰਦੇ ਸਨ। ਕਿਸੇ ਕਾਰਨ ਜਦੋਂ ਇਹਨਾਂ ਨੇ ਗੁਰੂ ਦਰਬਾਰ ਵਿਚ ਕੀਰਤਨ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਗੁਰੂ ਅਰਜਨ ਦੇਵ ਜੀ ਨੇ ਸਾਧਾਰਨ ਸਿੱਖ ਸੰਗਤਾਂ ਨੂੰ ਕੀਰਤਨ ਕਰਨ ਦਾ ਉਪਦੇਸ਼ ਦਿੱਤਾ ਅਤੇ ਉਹਨਾਂ ਨੇ ਆਪ ਸੰਗਤਾਂ ਨੂੰ ਕੀਰਤਨ ਦੀ ਸਿੱਖਿਆ ਦਿੱਤੀ। ਗੁਰੂ ਜੀ ਨੇ ਹੀ ਸਵੇਰ ਵੇਲੇ ਆਸਾ ਦੀ ਵਾਰ ਦਾ ਕੀਰਤਨ ਕਰਨ ਦੀ ਪਿਰਤ ਚਲਾਈ ਜੋ ਅੱਜ ਤੱਕ ਚਲੀ ਆ ਰਹੀ ਹੈ।

ਇਸ ਤਰ੍ਹਾਂ ਗੁਰਬਾਣੀ ਕੀਰਤਨ ਸਿੱਖ ਧਰਮ ਦੀ ਸੰਸਕ੍ਰਿਤੀ ਜਾਂ ਸਭਿਆਚਾਰ ਦਾ ਭਾਗ ਬਣ ਗਿਆ। ਜਿੱਥੇ ਕਿਤੇ ਵੀ ਸਿੱਖ ਵਸਦੇ ਹਨ, ਕੀਰਤਨ ਉਹਨਾਂ ਦੇ ਅੰਗ ਸੰਗ ਹੈ। ਗੁਰਦੁਆਰਾ ਸੁਧਾਰ ਲਹਿਰ ਸਮੇਂ ਸਿੱਖ ਜਥੇ ਢੋਲਕੀ, ਚਿਮਟੇ ਨਾਲ ਸ਼ਬਦ ਪੜ੍ਹਦੇ ਜਾਂਦੇ, ਫਰੰਗੀ ਦੀਆਂ ਡਾਂਗਾਂ ਖਾਂਦੇ ਤੇ ਸ਼ਾਂਤ ਚਿੱਤ ਵਾਹਿਗੁਰੂ ਵਾਹਿਗੁਰੂ ਕਰਦੇ ਗ੍ਰਿਫਤਾਰੀਆਂ ਦਿੰਦੇ ਸਨ। ਵਿਦੇਸ਼ਾਂ ਵਿੱਚ ਵੀ ਜਿੱਥੇ ਜਿੱਥੇ ਜਾ ਕੇ ਸਿੱਖ ਵੱਸੇ ਹਨ, ਉੱਥੇ ਗੁਰਦੁਆਰਾ ਸਥਾਪਤ ਕੀਤਾ ਤੇ ਸਵੇਰੇ ਸ਼ਾਮ ਕੀਰਤਨ ਦਾ ਪ੍ਰਵਾਹ ਚਲਦਾ ਰਿਹਾ। ਫਿਰ ਵੀ 1920 ਤੱਕ ਸਿੱਖਾਂ ਦਾ ਕੋਈ ਕੋਈ ਰਾਗੀ ਜੱਥਾ ਹੁੰਦਾ ਸੀ, ਸ੍ਰੀ ਹਰਿਮੰਦਰ ਸਾਹਿਬ ਸਮੇਤ ਬਹੁਤੀ ਥਾਂਈ ਭਾਈ ਮਰਦਾਨੇ ਦੇ ਉੱਤਰਾ-ਅਧਿਕਾਰੀ ਹੀ ਗੁਰਬਾਣੀ ਸੰਗੀਤ ਦਾ ਕੀਰਤਨ ਕਰਿਆ ਕਰਦੇ ਸਨ। ਉਹ ਇਕ ਤਰ੍ਹਾਂ ਨਾਲ ਖਾਨਦਾਨੀ ਰਾਗੀ ਤੇ ਗਵਈਏ ਸਨ ਅਤੇ ਸਿੱਖਾਂ ਵਿੱਚ ਰਬਾਬੀ ਕੀਰਤਨ ਕਰਕੇ ਮਸ਼ਹੂਰ ਸਨ। ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਆਉਣ ਪਿੱਛੋਂ ਹੋਰ ਸੁਧਾਰਾਂ ਦੇ ਨਾਲ ਰਬਾਬੀਆਂ ਨੂੰ ਇਤਿਹਾਸਕ ਗੁਰਦੁਆਰਿਆਂ ਵਿਚੋਂ ਛੁੱਟੀ ਹੁੰਦੀ ਗਈ ਤੇ ਉਹਨਾਂ ਦੀ ਥਾਂ ਸਿੱਖ ਕੀਰਤਨੀਆਂ ਨੇ ਲੈ ਲਈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਸਿੱਖੀ ਦੇ ਮੰਨੇ ਜਾਂਦੇ ਕੇਂਦਰ ਅੰਮ੍ਰਿਤਸਰ ਵਿਚ ਵੀ ਉਸ ਵੇਲੇ ਤੱਕ ਸੈਂਟਰਲ ਖਾਲਸਾ ਯਤੀਮਖਾਨਾ, ਅੰਮ੍ਰਿਤਸਰ ਤੋਂ ਬਿਨਾਂ ਕੋਈ ਜਥੇਬੰਦਕ ਆਸ਼ਰਮ ਨਹੀਂ ਸੀ, ਜਿੱਥੇ ਕੀਰਤਨ ਦੀ ਵਿਧੀਵਤ ਸਿੱਖਿਆ ਦਿੱਤੀ ਜਾ ਸਕੇ।

ਸੈਂਟਰਲ ਖ਼ਾਲਸਾ ਯਤੀਮਖਾਨਾ ਦੇ ਕੀਰਤਨ ਸਿੱਖਣ ਵਾਲੇ ਬੱਚਿਆਂ ਵਿੱਚ ਆਪਣੇ ਵੱਡੇ ਭਾਈ ਜਬਰਜੰਗ ਸਿੰਘ ਤੇ ਦੋ ਹੋਰ ਛੋਟੇ ਭਰਾਵਾਂ ਸਮੇਤ ਭਾਈ ਸੰਤਾ ਸਿੰਘ, ਜੋ 1924-25 ਵਿੱਚ ਦਸ ਬਾਰ੍ਹਾਂ ਸਾਲ ਦੀ ਉਮਰ ਵਿੱਚ ਹੋਵੇਗਾ, ਇਕ ਉਭਰ ਰਿਹਾ, ਬੀਬਾ, ਚੁੱਪ ਕੀਤਾ ਤੇ ਆਪਣੇ ਆਪ ਵਿਚ ਮਸਤ ਜਿਹਾ ਬਾਲਕ ਸੀ। ਇਹਨਾਂ ਭਰਾਵਾਂ ਦੇ ਸਮਕਾਲੀਆਂ ਵਿਚ ਹੀ ਭਾਈ ਸੁਰਜਨ ਸਿੰਘ ਸੀ, ਜੋ ਨੇਤਰਹੀਣ ਸੀ। ਭਾਈ ਸੰਤਾ ਸਿੰਘ ਤੇ ਭਾਈ ਸੁਰਜਨ ਸਿੰਘ ਵਿੱਚ ਇਕ ਅਨੋਖਾ ਜਿਹਾ ਮੇਲ ਤੇ ਰਸ ਸੀ। ਸ: ਸ਼ਾਮ ਸਿੰਘ ਅਟਾਰੀ ਵਾਲੇ ਦੇ ਪੋਤਰੇ ਸ: ਹਰਬੰਸ ਸਿੰਘ ਅਟਾਰੀ ਉਸ ਵੇਲੇ ਯਤੀਮਖਾਨੇ ਦੇ ਮੈਂਬਰ ਇਚਾਰਜ ਸਨ ਅਤੇ ਹਰ ਰੋਜ਼ ਸਵੇਰੇ ਗੁਰਦੁਆਰੇ ਪੁੱਜ ਕੇ ਇਕ ਸ਼ਬਦ ਦੀ ਕਥਾ ਕਰਿਆ ਕਰਦੇ ਸਨ। ਉਹ ਭਾਈ ਸੰਤਾ ਸਿੰਘ ਨੂੰ ਬਹੁਤ ਉਤਸ਼ਾਹਤ ਕਰਦੇ ਸਨ। ਬੜੇ ਪਿਆਰ ਨਾਲ ਥਾਪੜਾ ਦੇ ਕੇ ਉਹਨਾਂ ਦੀਆਂ ਕਮਜ਼ੋਰੀਆਂ ਤੋਂ ਵੀ ਜਾਣੂੰ ਕਰਾਉਂਦੇ ਸਨ। ਜਿਵੇਂ ਕਿਤੇ ਬੇਸੁਰੇ ਹੋ ਜਾਣਾ ਜਾਂ ਬਾਣੀ ਦਾ ਗਲਤ ਉਚਾਰਨ ਜਾਂ ਅਣਢੁਕਵੀਂ ਥਾਂ ਤੇ ਵਿਸ਼ਰਾਮ ਜਾਂ ਬੇਤਾਲ ਹੋਣ ਬਾਰੇ। ਭਾਈ ਬੁਧ ਸਿੰਘ ਉਪਦੇਸ਼ਕ ਵੀ ਗੁਰਦੁਆਰੇ ਆ ਕੇ ਗੁਰਬਾਣੀ ਦੀ ਵਿਆਖਿਆ ਕਰਿਆ ਕਰਦੇ ਸਨ ਅਤੇ ਗੁਰਬਾਣੀ ਦੇ ਸ਼ੁੱਧ ਉਚਾਰਨ ਤੇ ਜ਼ੋਰ ਦਿੰਦੇ ਸਨ। ਇਹ ਸਾਰੇ ਪ੍ਰਭਾਵ ਭਾਈ ਸੰਤਾ ਸਿੰਘ ਨੇ ਪ੍ਰਵਾਨ ਕੀਤੇ। ਉਹਨਾਂ ਦਾ ਵੱਡਾ ਭਾਈ ਜਬਰਜੰਗ ਸਿੰਘ ਇੱਥੇ ਹੀ ਤਬਲਾ ਸਿਖਿਆ ਤੇ ਇਹਨਾਂ ਦਾ ਸਾਥ ਦੇਣ ਲੱਗਾ। ਉਹਨਾਂ ਨੇ ਸਾਰੀ ਉਮਰ ਤਬਲੇ ਨਾਲ ਹੀ ਨਿਭਾਈ। ਉਹਨਾਂ ਦੇ ਸਭ ਤੋਂ ਛੋਟੇ ਭਰਾ ਸ਼ਮਸ਼ੇਰ ਸਿੰਘ ਨੂੰ ਹੋਰ ਜਥੇ ਨਾਲ ਲਾਇਆ ਜਾਂਦਾ ਸੀ।

ਭਾਈ ਸੰਤਾ ਸਿੰਘ ਵਿਚ ਸ਼ੁਰੂ ਤੋਂ ਹੀ ਮਿਲਣਸਾਰੀ ਤੇ ਸਹਿਨਸ਼ੀਲਤਾ ਬਹੁਤ ਸੀ। ਉਹ

*ਸਭ ਕੋ ਮੀਤੁ ਹਮ ਆਪਨਾ ਕੀਨਾ ਹਮ ਸਭਨਾ ਕੇ ਸਾਜਨ ॥* (ਪੰਨਾ 671)

ਦਾ ਮੁਜੱਸਮਾ ਸਨ। ਨਵੇਂ ਬਣੇ ਤੇ ਪੁਰਾਣੇ ਜਾਣੂੰਆਂ ਨੂੰ ਹੱਸ ਹੱਸ ਮਿਲਦੇ ਸਨ। 1929 ਤੱਕ ਇਸ ਜਥੇ ਦੀ ਗੁੱਡੀ ਬਹੁਤ ਚੜ੍ਹ ਗਈ ਸੀ। ਚੀਫ ਖਾਲਸਾ ਦੀਵਾਨ ਤੋਂ ਰਾਗੀ ਜੱਥਿਆਂ ਦੀ ਮੰਗ ਕਰਨ ਵਾਲੇ ਸਦਾ ਇਸੇ ਜਥੇ ਦਾ ਨਾਮ ਲਿਖ ਕੇ ਮੰਗ

ਕਰਦੇ ਸਨ। ਇਹਨਾਂ ਦਾ ਜਥਾ ਸਰਦਾਰ ਹਰਬੰਸ ਸਿੰਘ ਅਟਾਰੀ ਨੇ ਨਾਲ ਅਫਰੀਕਾ ਵੀ ਗਿਆ ਸੀ। ਸਿੰਘ ਸਭਾਵਾਂ ਤੇ ਸਰਦੇ-ਪੁੱਜਦੇ ਸਿਖਾਂ ਦੇ ਘਰਾਂ ਵਿੱਚ ਲੋੜ ਵੇਲੇ ਇਸ ਜਥੇ ਦੀ ਮੰਗ ਕੀਤੀ ਜਾਂਦੀ ਸੀ। ਸੰਨ 1935 ਦੇ ਆਸ ਪਾਸ ਭਾਈ ਸੰਤਾ ਸਿੰਘ, ਭਾਈ ਸੁਰਜਨ ਸਿੰਘ ਦਾ ਜਥਾ ਸ੍ਰੀ ਹਰਿਮੰਦਰ ਸਾਹਿਬ ਵਿਚ ਹਜ਼ੂਰੀ ਰਾਗੀ ਜਥਾ ਸੀ ਤੇ ਦੋ ਕੁ ਸਾਲ ਪਿੱਛੋਂ ਭਾਈ ਸ਼ਮਸ਼ੇਰ ਸਿੰਘ, ਭਾਈ ਸੁਰਜਨ ਸਿੰਘ ਦੀ ਥਾਂ 'ਤੇ ਆ ਗਿਆ। ਭਾਈ ਸੁਰਜਨ ਸਿੰਘ ਵਿਆਹ ਕਰਵਾ ਕੇ ਤਰਨ ਤਾਰਨ ਆਪਣੇ ਵੱਖਰੇ ਜਥੇ ਨਾਲ ਕੀਰਤਨ ਕਰਨ ਲੱਗ ਪਏ । ਇਸ ਤਰ੍ਹਾਂ ਵਾਹਿਗੁਰੂ ਦੀ ਕ੍ਰਿਪਾ ਨਾਲ ਪੰਥ ਦੀ ਕੀਰਤਨ ਰਾਹੀਂ ਸੇਵਾ ਕਰਨ ਵਾਲੇ ਤੇ ਘੰਟਿਆ ਬੱਧੀ ਸੰਗਤਾਂ ਨੂੰ ਰਸਭਿੰਨਾਂ ਕੀਰਤਨ ਸੁਣਨ ਲਈ ਆਪਾ ਭੁਲਾ ਕੇ ਬਿਠਾਈ ਰੱਖਣ ਦੀ ਸ਼ਕਤੀ ਦੀ ਦਾਤ ਵਾਲੇ ਭਾਈ ਸੰਤਾ ਸਿੰਘ ਨੂੰ ਸਭ ਪਾਸਿਉਂ ਸੋਭਾ ਮਿਲਣ ਲੱਗੀ ਤੇ ਉਹਨਾਂ ਨੇ ਸਿੱਖ ਸੰਗਤ ਵਿਚ ਉਹ ਸਥਾਨ ਪ੍ਰਾਪਤ ਕਰ ਲਿਆ ਜੋ ਇਹਨਾਂ ਤੋਂ ਪਹਿਲਾਂ ਹੋਏ ਭਾਈ ਸਮੁੰਦ ਸਿੰਘ, ਭਾਈ ਜਵਾਲਾ ਸਿੰਘ ਤੇ ਭਾਈ ਚਾਂਦ ਨੂੰ ਪ੍ਰਾਪਤ ਸੀ। 1936-37 ਵਿੱਚ ਜਦੋਂ ਲਾਹੌਰ ਵਿੱਚ ਆਲ ਇੰਡੀਆਂ ਰੇਡੀਉ ਸਥਾਪਤ ਹੋਇਆ ਤਾਂ ਰੇਡੀਉ 'ਤੇ ਗੁਰਬਾਣੀ ਕੀਰਤਨ ਪ੍ਰਸਾਰਤ ਕਰਨ ਲਈ ਸ਼ਬਦ ਰਾਗ, ਟੇਕ ਤੇ ਤਾਲ ਚੁਣ ਕੇ ਉਚੇਚੀ ਤਿਆਰੀ ਤੇ ਅਭਿਆਸ ਕਰਕੇ ਹੀ ਰਾਗੀ ਉਥੇ ਜਾਂਦੇ। ਪਹਿਲਾਂ ਪਹਿਲਾਂ ਉਹਨਾਂ ਨੇ ਰੇਡੀਓ ਉਤੇ "ਭਿੰਨੀ ਰੈਨੜੀਐ ਚਮਕਨਿ ਤਾਰੇ" (ਪੰਨਾ 459) ਦਾ ਪ੍ਰਸਾਰਨ ਕੀਤਾ। ਇਹ ਸ਼ਬਦ ਏਨਾ ਲੋਕਪ੍ਰਿਯ ਹੋਇਆ ਕਿ ਸਾਲ ਪਿੱਛੋਂ ਤਕ ਦੀਵਾਨਾਂ ਵਿਚ ਭਾਈ ਸੰਤਾ ਸਿੰਘ ਨੂੰ ਉਹ ਸ਼ਬਦ ਸੁਣਾਉਣ ਦੀ ਮੰਗ ਹੁੰਦੀ ਰਹੀ। ਉਹਨਾਂ ਦੇ ਗਾਏ ਸ਼ਬਦਾਂ ਦੇ ਰੀਕਾਰਡ ਵੀ ਬਣੇ। ਵਾਹਿਗੁਰੂ ਦੀ ਕ੍ਰਿਪਾ ਨਾਲ ਸਫ਼ਲਤਾ ਜਦੋਂ ਆਉਂਦੀ ਹੈ ਤਾਂ ਬਹੁਤ ਸਮਾਂ ਸਾਥ ਨਿਭਾਉਂਦੀ ਹੈ, ਭਾਵੇਂ ਇਸ ਨਿਭਾਅ ਦੇ ਬਦਲੇ ਵਿਚ ਸਦਾ ਹੀ ਚੇਤਨਤਾ ਤੇ ਮਿਹਨਤ ਦੀ ਮੰਗ ਕਾਇਮ ਰਹਿੰਦੀ ਹੈ।

ਇਕ ਦਿਨ ਕਿਸੇ ਵਿਦਵਾਨ ਨੇ ਉਹਨਾਂ ਕੋਲੋਂ ਉਹਨਾਂ ਦੀ ਪ੍ਰਸਿੱਧੀ, ਤਰੱਕੀ ਤੇ ਪਿਆਰ ਜਿੱਤਣ ਦੀ ਗੱਲ ਬਾਰੇ ਪੁੱਛਿਆ ਤਾਂ ਉਹਨਾਂ ਦੇ ਅੱਗੋਂ ਗੁਰਬਾਣੀ ਦੀ ਇਹ ਤੁਕ ਸੁਣਾਈ :

***ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ, ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥*** (ਪੰਨਾ 167)

ਉਹਨਾਂ ਕਿਹਾ, "ਇਹ ਸਭ ਵਾਹਿਗੁਰੂ ਦੀ ਬਖਸ਼ੀ ਕੀਰਤਨ ਦੀ ਦਾਤ ਦਾ ਫਲ ਹੈ। ਉਹ ਨੀਚਹੁੰ ਊਚ ਕਰਦਾ ਰਿਹਾ ਹੈ ਤੇ ਕਰਦਾ ਰਹੇਗਾ। ਦੂਸਰਾ ਸਬੱਬ ਬਣਿਆ ਚੀਫ਼ ਖ਼ਾਲਸਾ ਦੀਵਾਨ ਦੇ ਸੰਗੀਤ ਵਿਦਿਆਲੇ ਵਿੱਚ ਆਉਣ ਦਾ ਤੇ ਸਰਦਾਰ ਹਰਬੰਸ ਸਿੰਘ ਅਟਾਰੀ ਵਰਗੇ ਮਹਾਨ ਵਿਦਵਾਨ ਤੇ ਨੀਤੀਵਾਨ ਦੀ ਮਿਹਰ ਦੀ ਨਜ਼ਰ ਦਾ ਜਿਸ ਨੇ ਸਾਡੀ ਸਿੱਖਿਆ ਵਿਚ ਸੋਨੇ 'ਤੇ ਸੁਹਾਗੇ ਦਾ ਕੰਮ ਦਿੱਤਾ।" ਇਸ ਹਲੀਮੀ ਦਾ ਦਾਤ ਨੂੰ ਭਾਈ ਸੰਤਾ ਸਿੰਘ ਨੇ ਪੂਰੀ ਲਗਨ ਤੇ ਮਿਹਨਤ ਨਾਲ ਪ੍ਰਾਪਤ ਕੀਤਾ, ਪਿੱਛੋਂ ਨਿਮਰ ਭਾਵ ਵਿੱਚ ਸਭ ਸੰਗਤਾਂ ਵਿਚ ਖੁੱਲ੍ਹੇ ਦਿਨ ਨਾਲ ਵੰਡਿਆ।

16 ਨਵੰਬਰ, 1966 ਨੂੰ ਬੰਬਈ ਤੋਂ ਪਰਤਦਿਆਂ ਰੇਲ ਵਿੱਚ ਹੀ ਦਿਲ ਦਾ ਦੌਰਾ ਪੈਣ ਕਰਕੇ ਇਹ ਮਹਾਨ ਕੀਰਤਨ ਸਮਰਾਟ ਲੱਖਾਂ ਪ੍ਰੇਮੀਆਂ, ਸੁਨੇਹੀਆਂ ਤੇ ਕੀਰਤਨ ਪ੍ਰੇਮੀਆਂ ਨੂੰ ਵਿਛੋੜਾ ਦੇ ਗਏ। ਅੱਜ ਵੀ ਜਦੋਂ ਕਿਤੇ ਰੇਡੀਓ 'ਤੇ ਉਹਨਾਂ ਦੇ ਸ਼ਬਦ ਦਾ ਪ੍ਰਸਾਰਨ ਹੁੰਦਾ ਹੈ, ਕੀਰਤਨ ਪ੍ਰੇਮੀਆਂ ਦੀਆਂ ਅੱਖਾਂ ਸੇਜਲ ਹੋ ਜਾਂਦੀਆਂ ਹਨ।

ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਬੰਧ ਹੇਠ ਚੱਲ ਰਹੇ ਗੁਰਮਤਿ ਸੰਗੀਤ ਵਿਦਿਆਲੇ ਦੇ ਇਹ, ਇੱਕ ਵਿਦਿਆਰਥੀ ਦੀ ਜੀਵਨ ਕਥਾ ਹੈ ਇਸ ਤਰ੍ਹਾਂ ਹਜ਼ਾਰਾਂ ਹੀ ਵਿਦਵਾਨਾਂ ਨੇ ਇੱਥੋਂ ਸਿਖਿਆ ਪ੍ਰਾਪਤ ਕਰਕੇ ਗੁਰਬਾਣੀ, ਕੀਰਤਨ, ਗੁਰਬਾਣੀ ਵਿਆਖਿਆ ਅਤੇ ਸਿੱਖ ਇਤਿਹਾਸ ਦਾ ਪ੍ਰਚਾਰ ਕਰਕੇ ਕੌਮ ਦੀ ਬਹੁੱਮੁਲੀ ਸੇਵਾ ਕੀਤੀ ਅਤੇ ਹੁਣ ਵੀ ਕਰ ਰਹੇ ਹਨ। ■

*(ਧੰਨਵਾਦ ਸਹਿਤ : 'ਖ਼ਾਲਸਾ ਐਡਵੋਕੇਟ')*


*With compliments from*

**L.S. Bahal**
**Mg. Director, DoorKraft**

**CraftMaster®**
**DOOR DESIGNS BY MASONITE**
**DoorKraft**

A-184, Okhla Industrial Area, Phase - I, New Delhi - 110022
Ph : 6816722, 6810324 Fax : 6811953 Cell : 9810003022

# ਪੁਸਤਕ ਸਮੀਖਿਆ

## ਸਮੀਖਿਆਕਾਰ - ਡਾ. ਗੁਰਮੀਤ ਸਿੰਘ ਬੈਦਵਾਣ*

*ਪੁਸਤਕ ਦਾ ਨਾਂ - ਜੇ ਕੋ ਮੰਨਿ ਜਾਣੈ* *ਲੇਖਕ - ਜੋਗਿੰਦਰ ਸਿੰਘ ਸੇਠੀ*

*ਪ੍ਰਕਾਸ਼ਕ - ਗੁਰੂ ਤੇਗ ਬਹਾਦਰ ਨਾਮ ਸਿਮਰਨ ਫਾਊਂਡੇਸ਼ਨ, ਮੁੰਬਈ* *ਪੰਨੇ - 192* *ਭੇਟਾ - 40 ਰੁਪਏ*

ਜਪੁਜੀ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਪ੍ਰੌੜ ਅਵਸਥਾ ਦੀ ਬੜੇ ਗਹਿਰੇ ਅਰਥਾਂ ਵਾਲੀ ਰਚਨਾ ਹੈ। ਗੁਰੂ ਜੀ ਨੇ ਆਪਣੇ ਜੀਵਨ ਭ੍ਰਮਣ ਦਾ ਜੋ ਸਾਰ ਕੱਢਿਆ ਉਸ ਨੂੰ ਜਪੁਜੀ ਸਾਹਿਬ ਦੀ ਬਾਣੀ ਰਾਹੀਂ ਪ੍ਰਗਟਾਇਆ ਹੈ। ਬਹੁਤ ਥੋੜੇ ਸ਼ਬਦਾਂ ਰਾਹੀਂ ਬਹੁਤ ਕੁਝ ਕਹਿ ਦਿੱਤਾ ਗਿਆ ਹੈ। ਜਿਵੇਂ ਕੁੱਜੇ ਵਿੱਚ ਸਮੁੰਦਰ ਬੰਦ ਕਰ ਦਿੱਤਾ ਹੋਵੇ। ਜਪੁਜੀ ਸਾਹਿਬ ਦੀਆਂ ਕੁੱਲ 38 ਪਉੜੀਆਂ ਹਨ। 'ਸੁਣਿਐ' ਦੀਆਂ ਚਾਰ ਪਉੜੀਆਂ ਤੋਂ ਬਾਅਦ 'ਮੰਨੈ' ਦੀਆਂ ਚਾਰ ਪਉੜੀਆਂ ਆਉਂਦੀਆਂ ਹਨ। ਇੱਥੇ 'ਮੰਨੈ' ਦਾ ਅਰਥ ਸਿਰਫ ਮੰਨ ਲੈਣਾ ਨਹੀਂ ਹੈ। ਅਜਿਹੇ ਵਿਸ਼ਲੇਸ਼ਣ ਨੂੰ ਲੈ ਕੇ ਸ. ਜੋਗਿੰਦਰ ਸਿੰਘ ਸੇਠੀ ਦੀ ਪੁਸਤਕ ਆਪਣੀ ਹਾਜਰੀ ਲਵਾ ਰਹੀ ਹੈ।

ਜਪੁਜੀ ਸਾਹਿਬ ਦਾ ਸ਼ਬਦਾਰਥ ਅਤੇ ਟੀਕੇ ਟਿੱਪਣੀਆਂ ਸਾਡੇ ਕੋਲ ਕਾਫੀ ਮਾਤ੍ਰਾ ਵਿਚ ਉਪਲਬਧ ਹਨ। ਪਰ ਸ. ਜੋਗਿੰਦਰ ਸਿੰਘ ਸੇਠੀ ਦਾ ਵਿਆਖਿਆ ਕਰਨ ਨਿਵੇਕਲੀ ਕਿਸਮ ਦਾ ਹੈ। ਲੇਖਕ ਨੇ ਇਸ ਦਿਸ਼ਾ ਵੱਲ ਆਪਣਾ 17ਵਾਂ ਤੀਰ ਛੱਡਿਆ ਹੈ। ਇਹਨਾਂ ਦੀ ਕਲਮ ਵਿੱਚ ਬਹੁਤ ਪ੍ਰਪੱਕਤਾ ਹੈ। ਵਾਰ ਵਾਰ ਅਤੇ ਲਗਾਤਾਰ ਅਭਿਆਸ ਨੇ ਉਹਨਾਂ ਨੂੰ ਗੁਰਬਾਣੀ ਦੇ ਮਾਰਗ ਦਾ ਪਾਰਖੂ ਪਾਂਧੀ ਬਣਾ ਦਿੱਤਾ ਹੈ। ਪੁਸਤਕ ਵਿਚਲੀ ਵਿਆਖਿਆ ਬਹੁ-ਪਰਤੀ ਹੈ। ਇੱਕ ਇੱਕ ਸ਼ਬਦ ਨੂੰ ਤਿੱਖੀ ਦ੍ਰਿਸ਼ਟੀ ਨਾਲ ਪਰਤ ਦਰ ਪਰਤ ਫਰੋਲ ਕੇ ਸਾਡੇ ਧੁਰਅੰਦਰ ਪਏ ਬੀਜ ਰੂਪ ਨਾਲ ਉਸਦੀ ਜਾਣ ਪਛਾਣ ਕਰਵਾਈ ਗਈ ਹੈ। ਸਾਡੇ ਮਨ ਦੀ ਜੋਤ ਨੂੰ ਨਿਰਾਕਾਰ ਸਰੂਪ ਦੀ ਜੋਤ ਨਾਲ ਇੱਕ ਮਿੱਕ ਹੁੰਦੇ ਵਖਾਇਆ ਗਿਆ ਹੈ।

ਲੇਖਕ ਦਾ ਕਹਿਣਾ ਹੈ ਕਿ ਰੱਬ ਨਾ ਤਾਂ ਸਾਇੰਸ ਦਾ ਵਿਸ਼ਾ ਹੈ ਤੇ ਨਾ ਹੀ ਇੰਦਰੀਆਂ ਦਾ, ਜਿਸ ਨੂੰ ਕਿਸੇ ਸੀਮਾ ਵਿੱਚ ਬੰਨ੍ਹ ਕੇ ਉਸਦੀ ਖੋਜ ਕੀਤੀ ਜਾ ਸਕੇ। ਇਹ ਇੱਕ ਵਿਅਕਤੀਗਤ ਅਨੁਭਵ ਹੈ। ਜਦੋਂ ਤੱਕ ਕੋਈ ਆਪਣੀ ਹਸਤੀ ਭੁਲਾ ਕੇ ਉਸ ਮਾਲਕ ਦੀ ਹਸਤੀ ਨੂੰ ਕਬੂਲ ਨਹੀਂ ਕਰ ਲੈਂਦਾ ਉਦੋਂ ਤੱਕ ਉਸ ਬਾਰੇ ਸੁਣਨ ਤੇ ਸਿਰਫ ਮੰਨਣ ਦਾ ਕੋਈ ਮਾਅਨਾ ਨਹੀਂ ਰਹਿ ਜਾਂਦਾ। ਉਸ ਨੂੰ ਜਾਣਨ ਲਈ ਗਿਆਨ ਇੰਦਰੀਆਂ ਤੋਂ ਪਰੇ ਦੀ ਸ਼ਕਤੀ ਵਧਾਉਣ ਦੀ ਲੋੜ ਹੈ। ਪ੍ਰਭੂ ਦੀ ਹੋਂਦ ਬਾਰੇ ਪ੍ਰਮਾਣ ਅੰਦਰੋਂ ਮਿਲੇਗਾ ਬਾਹਰੋਂ ਨਹੀਂ।

ਜਿਹਨਾਂ ਨੇ ਪ੍ਰਮਾਤਮਾ ਨੂੰ ਜਾਣ ਲਿਆ ਹੈ ਉਹ ਗੂੰਗੇ ਦੇ ਗੁੜ ਖਾਣ ਵਾਂਗ ਉਸ ਦੀ ਅਕੱਥ ਕਹਾਣੀ ਨੂੰ ਕਹਿ ਹੀ ਨਹੀਂ ਸਕਦੇ। ਮਸਤ ਹੋ ਕੇ ਸਿਰਫ ਇਸ਼ਾਰੇ-ਮਾਤਰ ਹੀ ਸਮਝਾ ਸਕਦੇ ਹਨ। ਇਸ ਤਰ੍ਹਾਂ ਦੇ ਸੱਚੇ ਸੁੱਚੇ ਮਨੁੱਖ ਹੀ ਕਹਿ ਕੇ ਪਛਤਾਵਾ ਪ੍ਰਗਟ ਕਰ ਸਕਦੇ ਹਨ। ਬਾਕੀ ਦੇ ਕਹਿਣਗੇ ਕਿ ਸਾਡੇ ਵਰਗਾ ਤਾਂ ਕਿਸੇ ਨੂੰ ਗਿਆਨ ਹੀ ਨਹੀਂ। ਮੇਰਾ ਕਹਿਣ ਨਾਲ ਆਪੇ ਹੀ ਸੀਮਾ ਬੱਝ ਜਾਂਦੀ ਹੈ ਤੇ ਅਸੀਮ ਨਾਲੋਂ ਸਾਡਾ ਸੰਬੰਧ ਟੁੱਟ ਜਾਂਦਾ ਹੈ।

ਸ. ਜੋਗਿੰਦਰ ਸਿੰਘ ਸੇਠੀ ਹੋਰਾਂ ਨੇ ਇਸ ਪੁਸਤਕ ਨੂੰ ਤਿਆਰ ਕਰਨ ਵਿੱਚ ਬਹੁਤ ਮਿਹਨਤ ਕੀਤੀ ਜਾਪਦੀ ਹੈ। ਉਹਨਾਂ ਨੇ ਬਹੁਤ ਸਾਰੇ ਧਰਮ ਗ੍ਰੰਥਾਂ ਵਿਚੋਂ ਵੇਰਵੇ ਇਕੱਤਰ ਕਰਕੇ ਉਹਨਾਂ ਨੂੰ ਗੁਰਬਾਣੀ ਦੇ ਆਸ਼ੇ ਅਨੁਸਾਰ ਤੁਲਨਾਤਮਿਕਤਾ ਵਿੱਚ ਵਿਚਾਰਿਆ ਹੈ। ਵੇਦ, ਪੁਰਾਣ, ਬਾਈਬਲ, ਕੁਰਾਨ, ਬੁਧ, ਜੈਨ ਗ੍ਰੰਥਾਂ ਅਤੇ ਸ਼ਰੁਤੀ ਸਿਮਰਤੀ ਬਾਰੇ ਲੋੜ ਅਨੁਸਾਰ ਟਿੱਪਣੀ ਹੋਈ ਮਿਲਦੀ ਹੈ। ਉਹਨਾਂ ਦਾ ਕਹਿਣਾ ਹੈ ਕਿ ਆਪਣਾ ਜੀਵਨ ਗੁਰਉਪਦੇਸ਼ ਅਨੁਸਾਰ ਢਾਲਣ ਨਾਲ ਹੀ ਅਧਿਆਤਮਕ ਇਸ਼ਾਰੇ ਸਮਝ ਆਉਂਦੇ ਹਨ, ਅਰਥ ਦੀ ਗਹਿਰਾਈ ਸਮਝ ਆਉਂਦੀ ਹੈ। ਬੇਅੰਤ ਦੇ ਅੰਤ ਬਾਰੇ ਸੋਝੀ ਮਿਲਦੀ ਹੈ। ਉਹਨਾਂ ਦਾ ਸੁਨੇਹਾ ਹੈ ਕਿ ਪੜ੍ਹਨਾ ਹੀ ਕਾਫੀ ਨਹੀਂ, ਉਸ ਬਾਰੇ ਗਹਿਰੀ ਵਿਚਾਰ ਕਰਨੀ ਜਰੂਰੀ ਹੈ। ਉਹਨਾਂ ਦੀ ਆਪਣੀ ਅਜਿਹੀ ਦ੍ਰਿਸ਼ਟੀ ਦਾ ਪ੍ਰਮਾਣ ਇਸ ਪੁਸਤਕ ਵਿਚੋਂ ਸਹਿਜੇ ਹੀ ਮਿਲ ਜਾਂਦਾ ਹੈ।

ਬਹੁਤ ਹੀ ਸਰਲ ਭਾਸ਼ਾ ਦਾ ਨਮੂਨਾ ਇਸ ਪੁਸਤਕ ਵਿੱਚ ਪੇਸ਼ ਹੋਇਆ ਮਿਲਦਾ ਹੈ ਜਦੋਂ ਉਹ ਕਹਿੰਦੇ ਹਨ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਨਹੀਂ ਪੜ੍ਹਦੇ ਬਲਕਿ ਉਸ ਰਾਹੀਂ ਆਪਣੇ ਆਪ ਨੂੰ ਪੜ੍ਹਦੇ ਹਾਂ। ਇਸੇ ਤਰ੍ਹਾਂ ਇੱਕ ਹੋਰ ਥਾਂ ਉਹ ਕਹਿੰਦੇ ਹਨ ਕਿ ਜਿਹਨਾਂ ਪ੍ਰਭੂ ਨੂੰ ਜਾਣ ਲਿਆ ਹੈ, ਮੰਨ ਲਿਆ ਹੈ ਉਹਨਾਂ ਲਈ ਜੀਵਨ ਮੌਤ ਵਿੱਚ ਕੋਈ ਅੰਤਰ ਨਹੀ ਰਹਿ ਜਾਂਦਾ। ਸਿੱਧੀਆਂ ਸਪਸ਼ਟ ਵਿਦਵਤਾ ਭਰਪੂਰ ਗੱਲਾਂ ਬਾਤਾਂ ਵਾਲੀ ਇਸ ਪੁਸਤਕ ਵਿੱਚ ਕਿਧਰੇ ਵੀ ਭਾਵ ਅਰਥ ਬੋਝਲ ਨਹੀਂ ਬਣਦੇ। ਜਾਣਕਾਰੀ ਪੱਖੋਂ ਇਸ ਪੁਸਤਕ ਦਾ ਘੇਰਾ ਕਾਫੀ ਵਿਸ਼ਾਲ ਹੈ। ਜਿੱਥੇ ਇਸ ਪੁਸਤਕ ਵਿੱਚ ਸਮਾਜਿਕ ਇਤਿਹਾਸਕ ਅਤੇ ਭੂਗੋਲਿਕ ਜਾਣਕਾਰੀ ਮਿਲਦੀ ਹੈ ਉੱਥੇ ਵਿਗਿਆਨਕ ਜਾਣਕਾਰੀ ਵੀ ਆਪਣੇ ਆਸੇ ਦੀ ਪੂਰਤੀ ਲਈ ਰੁਚਿਤ ਹੋਈ ਮਿਲਦੀ ਹੈ। ਜਿਵੇਂ ਉਹਨਾਂ ਕਿਹਾ ਹੈ ਕਿ ਧਾਤੂ ਦਾ ਛੋਟੇ ਤੋਂ

* ਪਿੰਡ ਬਾਸੀਆਂ ਬੈਦਵਾਣ, ਡਾ. ਮੱਛਲੀ ਕਲਾਂ (ਫਤਹਿਗੜ੍ਹ ਸਾਹਿਬ)

ਛੋਟਾ ਅੰਸ਼ ਐਟਮ ਹੈ ਅਤੇ ਆਕਸੀਜਨ ਅਤੇ ਹਾਈਡਰੋਜਨ ਮਿਲਕੇ ਪਾਣੀ ਬਣਦਾ ਹੈ।

ਇਸ ਪੁਸਤਕ ਦਾ ਵਜੂਦ ਜਪੁਜੀ ਵਿਚਲੀਆਂ 'ਮੰਨੈ' ਦੀਆਂ ਚਾਰ ਪਉੜੀਆਂ ਦੇ ਵਿਸ਼ਲੇਸ਼ਣ ਉਪਰ ਆਧਾਰਤ ਹੈ। ਜਿਸ ਵਿੱਚ ਪਹਿਲਾਂ ਮੰਨਣਾਂ, ਫਿਰ ਜਾਣਨਾ ਤੇ ਫਿਰ ਜਾਣਨ ਬਾਅਦ ਮੰਨਣ ਬਾਰੇ ਸਫ਼ਲ ਪੜਚੋਲ ਹੋਈ ਮਿਲਦੀ ਹੈ। ਇਸ ਸਫ਼ਲ ਪੁਸਤਕ ਵਿੱਚ ਕਿਧਰੇ ਕਿਧਰੇ ਉਣਤਾਈਆਂ ਵੀ ਰਹਿ ਗਈਆਂ ਹਨ ਜਿਵੇਂ ਜਾਣਨ ਸ਼ਬਦ ਨੂੰ ਜਾਨਣ ਕਰਕੇ ਲਿਖਿਆ ਹੈ ਅਤੇ ਪਛਾਣਨ ਨੂੰ ਪਛਾਨਣ ਕਰਕੇ। ਪੁਸਤਕ ਦੇ 122 ਨੰਬਰ ਪੰਨੇ ਉੱਤੇ ਗੁਰਬਾਣੀ ਦੀ ਸਤਰ, "ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛ ਅਸਾੜਾ ਜੀਓ" ਨੂੰ ਸਭ ਕਿਛੁ ਕੀਤਾ ਹੋਵੈ ਨਾਹੀ ਕਿਛੁ ਅਸਾਡਾ ਜੀਉ" ਲਿਖਿਆ ਹੈ।

ਇਸ ਤੋਂ ਇਲਾਵਾ ਇਸ ਪੁਸਤਕ ਵਿੱਚ ਵਿਆਖਿਆ ਕਰਦਿਆਂ ਕਈ ਨਵੇਂ ਸਵਾਲ ਖੜ੍ਹੇ ਹੋ ਗਏ ਹਨ ਜਿਹਨਾਂ ਦਾ ਅੱਗੋਂ ਕਿਧਰੇ ਵਿਸ਼ਲੇਸ਼ਣ ਨਹੀਂ ਮਿਲਦਾ। ਜਿਵੇਂ ਪੰਨਾ 172 'ਤੇ ਕਿਹਾ ਗਿਆ ਹੈ ਕਿ ਭਾਂਵੇਂ "ਮੈਂ ਕਹੋ" ਜਾਂ "ਤੂੰ ਕਹੋ" ਦੋਹਾਂ ਹਾਲਤਾਂ ਵਿੱਚ ਆਪਾ ਮੁੱਕ ਜਾਂਦਾ ਹੈ। ਦੂਜੇ ਪਾਸੇ ਪੰਨਾ 28 'ਤੇ ਕਿਹਾ ਗਿਆ ਹੈ ਕਿ ਮੇਰਾ ਕਹਿਣ ਨਾਲ ਅਸੀਮ ਨਾਲੋਂ ਸਾਡਾ ਸਬੰਧ ਟੁੱਟ ਜਾਂਦਾ ਹੈ। ਦੋਵੇਂ ਆਪਾ ਵਿਰੋਧੀ ਹੁੰਦੇ ਹੋਏ ਕਿਸੇ ਸਹਿਜ ਅਵਸਥਾ ਦੀ ਮੰਗ ਕਰਦੇ ਹਨ। ਅਜੋਕੇ ਪਦਾਰਥਵਾਦੀ ਜਕੜ ਵਾਲੇ ਸਮਾਜ ਨੂੰ ਜਦੋਂ ਮਾਇਆ ਦੇ ਨਸ਼ੇ ਵਿੱਚ ਗੜੂੰਦ ਹੋਇਆ ਵੇਖਦੇ ਹਾਂ ਤਾਂ ਮਨਾਂ ਅੰਦਰ ਚਲ ਰਹੀ ਭੰਨ ਘੜਤ ਦੀ ਲੜਾਈ ਨੂੰ ਸ਼ਾਂਤੀ ਅਤੇ ਸਹਿਜ ਦਾ ਪਾਠ ਕਿਵੇਂ ਪੜ੍ਹਾਇਆ ਜਾਵੇ? ਵਿਰਲਾ ਤਾਂ ਕੋਈ ਗੁਰਮੁਖ ਬਣ ਨਿਕਲੇਗਾ ਪ੍ਰੰਤੂ ਸਮੂਹਿਕਤਾ ਦਾ ਕੀ ਬਣੇਗਾ ?

ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਸੇਠੀ ਸਾਹਿਬ ਦੀ ਇਸ ਪੁਸਤਕ ਰੂਪੀ ਰਾਇ ਨੂੰ ਮੰਨ ਲੈਣਾ ਚਾਹੀਦਾ ਹੈ। ਜਾਪਦਾ ਹੈ ਸੇਠੀ ਸਾਹਿਬ ਨੇ ਉਸ (ਪ੍ਰਭੂ) ਨੂੰ ਮੰਨ ਲਿਆ ਹੈ। ਅਜਿਹੇ ਉੱਦਮ ਕਰਕੇ ਜਿਹਨਾਂ ਨੇ ਮੰਨ ਲਿਆ ਹੈ ਉਹਨਾਂ ਨੂੰ ਮੰਨਣ ਵਿੱਚ ਹੀ ਭਲਾ ਹੈ। ਇਸ ਪੁਸਤਕ ਨੂੰ ਪੜ੍ਹਨ ਨਾਲ ਅਜਲੀ ਭਟਕਣ ਤੋਂ ਰਾਹਤ ਜਰੂਰ ਮਿਲੇਗੀ। ■

ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ

**(In His Pleasure, God created Khalsa)**

# Birth of Khalsa

**( Baisakhi : April 14, 1999)**

1. Guru Gobind Singhji created **Khalsa** on the first day of the month of Baisakh in 1699.
2. He gifted them Amrit & 5-K's
3. **Khalsa** is a Persian word and it indicates :
   He who is immersed in God's Name
   *ਖਾਲਸਾ ਸੋਇ ਨਾਮ ਰਤਿ ਲਾਗੇ*
   Pure, noble and devoted to God
   *ਕਹੁ ਕਬੀਰ ਜਨ ਭਏ ਖਾਲਸੇ,*
   *ਪ੍ਰੇਮ ਭਗਤਿ ਜਿਹ ਜਾਨੀ*
   He who has recognised the Inner Self
   *ਆਤਮ ਰਸ ਜਿਹ ਜਾਨਹੀ,*
   *ਸੋ ਹੈ ਖਾਲਸ ਦੇਵ*
4. Guru Gobind Singhji also started the salutation :
   *ਵਾਹਿਗੁਰੂ ਜੀ ਕਾ ਖਾਲਸਾ*
   *ਵਾਹਿਗੁਰੂ ਜੀ ਕੀ ਫ਼ਤਹਿ*
   (Khalsa belongs to God
   and Victory is of God)

**Gurbani Class & Satnam Kaur Ph : (022) 6314866**

# KIRTAN - THEN AND NOW

**Dr. Hakam Singh ***

The origin of the word is , which means praise of laudation. In Sikhism, *Kirtan* means singing of God's praises in Musical measures *(Ragas)* and rhythms *(Talas)*.

Devotional singing is quite popular in many other major religions of the world, but in Sikhism, singing of God's is laudation is the supreme form of *Bhakti* (devotion):

***As my Master has instructed me, so have I proclaimed aloud. Nanak says : Listen my mind! Sing the Lord's praises so that you may attain liberation.***

(SGGS : 214)

***(Due to) God's grace, fortune smiled on me and I have sung Divine Laudation. (My mind) has ended its (wordly) efforts and attained rest, forsaking all running about; I have attained the true state of life.***

(SGGS : 1001)

***Outward show of religious actions and poses of piety that we see, are subject to Yama's tax. Sing the immaculate praises of the Lord, whose practice even for an instant shall bring emancipation.***

(SGGS : 747)

***"Mardana! Play upon the rebec the Divine song has arrived"***. These are the oft-quoted words of Guru Nanak in *Sakhi*. It seems that Guru Nanak delivered his message in his melodious voice with Mardana's accompaniment on the rebec. It touched the inner core of liteners, minds with a profound and lasting effect. All subsequent Sikh Gurus also followed this tradition of devotional singing or *kirtan* which became the most important part of Sikh congregational prayers.

The fifth Master, Guru Arjun Dev, was himself a singer *par excellence*. He was as accomplished player of 'Surinda', a difficult-to-play string instrument. While compling Guru Granth Sahib, he paid special attention to the organization of the hymns *(shabad)* in various musical measures and rhythms (*ragas* and *ghars* or *talas*). It indicates that the purpose of the Guru was that they should be sung as prescribed. If a particular *shabad* is sung according to the specified *raga* and *tala* it would have a great effect (depending on the spiritual state) on the listener, because it is believes that every *raga* has a definite effect on the environemnt, which is further enhanced if it is sung at a particular time of day or night and, in some cases, in a particular season.

Although, according to Hindustani music there are many *ragas* (even more than the 84 listed in *"Rag Mala"* given at the end of Guru Granth Sahib), the *shabad* in Guru Granth Sahib have been given in 31 *ragas* and several subsidiary *ragas* of the main 31 *ragas*. Some *rags* (*Asa, Maru, Tukhari* etc.) are found only in Guru Granth Sahib, indicating that these may have been discovered at the time of the Gurus in their courts. (Guru Nanak is believed to be the discoverer of *Asa*).

In seems obvious that at the time of Gurus the *kirtan* was sung in the specifided *ragas* and *talas*. The singers in their courts were *Rababis* who were probably the descendants of *Bhats* who were very highly regarded musician. Mardana was the first bard

* The Sikh welfare foundation, PO Box 783, Duarte, C.A. 91009-4783. USA

who accompanied Guru Nanak throughout most of latter's odysseys. Bhai Sadhu and Bhai Badu were the bards in the court of Guru Angad and Guru Amar Das; Bhai Satta and Bhai Balwand were the court singers of Guru Ram Das and Guru Arjun, and so on. The tradition of *Rababis* performing *kirtan* in the Gurdwaras continued until the partition of India when most of these Rababis migrated to Pakistan. A few who stayed in India embraced Sikhism and continued to do *kirtan* in Gurdwaras.

It is quite possible that the tradition of singing *shabads* in their specified *ragas* and *talas* started changing even during the time of later Gurus. This is because, as the Sikh religion progressed, and as a result, local Gurdwaras in many distant cities were started, the number of accomplished musicians could not keep up with the increasing number of Gurdwaras. It is also possible that after the ouster of Satta and Balwand, *rababis* from the court of Guru Arjun Dev, when the Sikhs themselves started performing *kirtan*, this tradition was difficult to keep intact. Because it would normally take several years of single minded devotion to acquire adequate knowledge of music and a deep understading of Gurbani to perform traditional *kirtan*.

Although some minor changes in the style of *kirtan* continued until the turn of this century the singing of *kirtan*, within the framework of *ragas*, was still in vogue. Usually, four members made a so-called *kirtan-jatha*. The leader and two members of the *jatha* played upon string instruments while the fourth one played on *tabla* (drums). Although several defferent styles of *kirtan* became popular, most of the as well as knowledgeable in *Gurbani*. All *ragis* and *rababis* started their *kirtan* with a *shabad* of invocation befitting the occasion, in a *raga* of the time or season, and in a *tabla* of appropriate level; usually, *teen tal* (16 beats), *char tal* (12 beats), *dhamar* (14 beats) or sometimes *'partal'* where each stanza of the *shabad* is sung in a different *tala* but the same *raga*. Some of the more popular styles were:

**Classical Style :** In this style many *shabads* were sung in prescribed *ragas*. Only a few expert *ragis* and *rababis* could maintain this style successfully. Notable names in this category are : Bhai Moti, Bhai Sunder Singh and Bhai Sher Singh.

**Wiakhya (lecture) driven *kirtan* :** In this style of *kirtan*, a good portion of time was bevoted to the explanation of the *shabad* being sung. This could also include some stories from the lives of the Guru and/or Bhaktas. Bhai Hira Singh and Sant Surjan Singh Ji excelled in this style.

***Parman* driven *kirtan* :** In this style of *Kirtan*, the central idea of the shabad being from Guru Granth Sahib and/or the compositions of Bhai Gurdas and Bhai Nand Lal. Bhai Chand made a name in this style.

**Congregational *kirtan* :** In this style of *Kirtan* which seems to have started at the time of the Gurus, simple tunes were sung by the whole congregation, with the accompaniment of a variety of instruments. including percussion instruments.

Unfortunatly, the first three styles have slowly degenerated and the fourth is almost extinct. The congregational *kirtan* is seldom heard these days in Gurdwaras-because of the reluctance of congregation to participate. The degeneration of the order three styles of

*kirtan* can be attributed partly to the dwindling appreciation of ragas and *Gurbani* by a majority of Sikh congregations and partly to increasing popularity of the movie music which is usually a not-too-pleasent blend of more than one Indian *ragas* with western music. Also due to excessive involvement in the 'rat race' people have little or no time to enjoy the sublime spiritual aspect of Divine *kirtan*.

The introduction of harmonium, a reed instrument, which can only produce near-pure musical notes, but is very easy to learn, has also played a major role in this degeneration. The string instruments used earlier in *kirtan* were relatively difficult to learn and needed a few years of hard work.This gave sufficient time to the learner to study and appreciate *Gurbani* as well as number of *ragas*. Only those serious about *kirtan* would learn these instruments. Harmonium, on the other hand, can be learned in a much shorter time and has become a means of making easy money for many *ragis*, and their number is increasing rapidly. Such *ragis* write a few dozen *shabads* on small pieces of paper which they place on the harmonium in front of them and sing three or four such *shabads* in an hour or so using, unmodified or slightly modified film tunes. The ignorant audience in the congregation like them because they can recognize these tunes. In essence, they enjoy the tune rather than the *kirtan*. Most of the time the theme of one *shabad* is totally different from the next *shabad* sung, indicating that the singers have little knowledge of *Gurbani*.

One major and, probably, the most serious cause of this degeneration is the passage of The Gurdwara act, which seems to have done more harm than good to our cultural and spiritual heritage. The process of election (an outcome of this Act) for the Shiromani Gurdwara Prabandhak Committee membership, which manages all the historical Gurdwaras in Punjab, Haryana, and Himachal Pradesh, has brought people at the head of its affair who are more interested in keeping their positions intact than proper running of the institutions for which they are elected. They are quite proficient in the game of politics, but seem to be devoid of the knowledge of *Gurbani* and the great Sikh tradition of giving due respect and importance to the institution of *kirtan*. They started the practice of hiring *ragi jathas* for historical Gurdwaras who were willing to work at the lowest salaries. Such *ragis*, naturally, have the knowledge of music as well as Gurbani proportional to their emoluments. They compensate their lack of professional knowledge by playing politics in the Gurdwaras which has resulted in intra-community fights and given bad name to the Sikh community.

Recently, some efforts have been made, in India as well as abroad, to revive tradition of classical style *kirtan*. Particularly praiseworthy are the efforts of Pittsburgh group [The Joyous Sound of Kirtan : An American Experience, by Dr. I.J. Singh (*The Sikh Review*, Pp 36, December, 1997] whose efforts have resulted in inculcating the urge to learn classical style *kirtan* among young Sikh children. We pray for their success and sincerely hope that this tiny ray of light at the end of the tunnel turns out to be the Sun that will, in the near future, stimulate the growth of Sikh world with radiant energy. ■

*(Curtsey 'Sikh Review')*

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

## ਮਨਮੋਹਨ ਸਿੰਘ

| ਤਿਲੰਗ ਮਹਲਾ ੫ ਘਰੁ ੩ ॥ | Tilang 5th Guru | ਤਿਲੰਗ ਪੰਜਵੀ ਪਾਤਸ਼ਾਹੀ |
|---|---|---|
| ਮਿਹਰਵਾਨੁ ਸਾਹਿਬ ਮਿਹਰਵਾਨੁ ॥ ਸਾਹਿਬੁ ਮੇਰਾ ਮਿਹਰਵਾਨ ॥ | Merciful, merciful is the Lord. Merciful is my Master. | ਦਇਆਵਾਨ, ਦਇਆਵਾਨ ਹੈ ਸੁਆਮੀ। ਦਇਆਵਾਨ ਹੈ ਮੈਂਡਾ ਮਾਲਕ। |
| ਜੀਅ ਸਗਲ ਕਉ ਦੇਇ ਦਾਨੁ ॥ ਰਹਾਉ॥ | He blesses all the beings with His bounties. Pause. | ਉਹ ਸਾਰੇ ਜੀਵਾਂ ਨੂੰ ਆਪਣੀਆਂ ਬਖਸ਼ਸ਼ਾਂ ਪਰਦਾਨ ਕਰਦਾ ਹੈ। ਠਹਿਰਾਉ। |
| ਤੂ ਕਾਹੇ ਡੋਲਹਿ ਪ੍ਰਾਣੀਆਂ ਤੁਧੁ ਰਾਖੈਗਾ ਸਿਰਜਣੁਹਾਰ॥ | Why waverest thou, O mortal. The Creator shall protect Thee. | ਤੂੰ ਕਿਉਂ ਡਿਕਡੋਲੇ ਖਾਂਦਾ ਹੈ, ਹੇ ਫਾਨੀ ਬੰਦੇ ਕਰਤਾਰ ਤੇਰੀ ਰਖਿਆ ਕਰੇਗਾ। |
| ਜਿਨਿ ਪੈਦਾਇਸਿ ਤੂ ਕੀਆ ਸੋਇ ਦੇਇ ਆਧਾਰੁ ॥੧॥ | He who gave thee birth will provide thee with sustenance. | ਜਿਸ ਨੇ ਤੈਨੂੰ ਜਨਮ ਦਿਤਾ ਹੈ, ਉਹ ਹੀ ਤੈਨੂੰ ਆਹਾਰ ਦੇਵੇਗਾ। |
| ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥ | He who hast created the world takes care of it. | ਜਿਸ ਨੇ ਸ੍ਰਿਸ਼ਟੀ ਸਾਜੀ ਹੈ, ਉਹ ਹੀ ਇਸ ਦੀ ਸੰਭਾਲ ਕਰਦਾ ਹੈ। |
| ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥ ੨ ॥ | The True Cherisher is the Lord of all the souls and minds. | ਸਦਾ ਪਾਲਣ-ਪੋਸਣਹਾਰ ਸਾਰੀਆਂ ਆਤਮਾਵਾਂ ਅਤੇ ਮਨਾਂ ਦਾ ਸੁਆਮੀ ਹੈ। |
| ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ ॥ | His Omnipotence and worth cannot be known. He is the great and unconcerned Lord. | ਉਸ ਦੀ ਅਪਾਰ ਸ਼ਕਤੀ ਤੇ ਕੀਮਤ ਜਾਣੀ ਨਹੀਂ ਜਾ ਸਕਦੀ। ਉਹ ਵਿਸ਼ਾਲ ਅਤੇ ਬੇ-ਮੁਹਤਾਜ ਸੁਆਮੀ ਹੈ। |
| ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ ॥ ੩ ॥ | O man, meditate thou on the Lord, till there is breath in thy body. | ਹੇ ਇਨਸਾਨ। ਤੂੰ ਉਦੋਂ ਤਾਂਈਂ ਸਾਹਿਬ ਦਾ ਸਿਮਰਨ ਕਰ ਜਦ ਤਾਈ ਤੇਰੀ ਦੇਹ ਅੰਦਰ ਸੁਆਸ ਹੈ। |
| ਤੂ ਸਮਰਥੁ ਅਕਥੁ ਅਗੋਚਰ ਜੀਉ ਪਿੰਡੁ ਤੇਰੀ ਰਾਸਿ ॥ | O Lord, Thou art All-powerful, Ineffable and Inapprehensible. My soul and body are Thy capital. | ਹੇ ਪ੍ਰਭੂ ! ਤੂ ਸਰਬ ਸ਼ਕਤੀਮਾਨ ਅਕਹਿ ਅਤੇ ਅਗਾਧ ਹੈ। ਮੇਰੀ ਜਿੰਦੜੀ ਅਤੇ ਜਿਸਮ ਤੇਰੀ ਪੂੰਜੀ ਹਨ। |
| ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥ ੪ ॥ ੩ ॥ | In Thy mercy I attain peace, O Lord Nanak ever makes supplication before Thee. | ਤੇਰੀ ਰਹਿਮਤ ਅੰਦਰ ਮੈ. ਆਰਾਮ ਪਾਉਂਦਾ ਹਾਂ ਤੇ ਸਾਂਈ ਨਾਨਕ ਹਮੇਸ਼ਾਂ ਹੀ ਤੇਰੇ ਅਗੇ ਪ੍ਰਾਰਥਨਾਂ ਕਰਦਾ ਹੈ। |
| **ਨਾਮ ਦੇਵ ਜੀ ॥** | **Sire Namdev** | **ਮਹਾਰਾਜ ਨਾਮ ਦੇਵ** |
| ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥ | Of me, the blind one Thy Name, O Creator is the only mainstay. | ਮੈਂ ਅੰਨ੍ਹੇ ਦਾ , ਹੇ ਸਿਰਜਣਹਾਰ ! ਕੇਵਲ ਤੇਰਾ ਨਾਮ ਹੀ ਆਸਰਾ ਹੈ। |
| ਮੈ ਗਰੀਬ ਮੈਂ ਮਸਕੀਨ ਤੇਰਾ ਨਾਮੁ ਹੈ ਆਧਾਰਾ ॥ ੧ ॥ ਰਹਾਉ॥ | I am poor, I am meek. Mine support is Thy Name. | ਮੈਂ ਗਰੀਬੜਾ ਹਾਂ, ਮੈਂ ਆਜਿਜ਼ ਹਾਂ ਮੇਰੀ ਓਟ ਤੈਂਡਾ ਨਾਮ ਹੀ ਹੈ। |
| ਕਰੀਮਾਂ ਰਹੀਮਾਂ ਅਲਾਹ ਤੂ ਗਨੀ ॥ | Bounteous, Beneficent and wealthy Thou art, O Lord. | ਦਰਿਆਦਿਲ ਦਇਆਵਾਨ ਅਤੇ ਧਨਾਡ ਤੂੰ ਹੈ ਹੇ ਪ੍ਰਭੂ। |
| ਹਾਜਰਾ ਹਜੂਰ ਦਰਿ ਪੇਸਿ ਤੂ ਮਨੀ॥ ੧ ॥ | Thou art ever present within and before me. | ਤੂੰ ਮੇਰੇ ਅੰਦਰ ਤੇ ਸਾਮ੍ਹਣੇ ਸਦਾ ਹਾਜਰ ਨਾਜ਼ਰ ਹੈ। |
| ਦਰੀਆਉ ਤੂ ਦਿਹੰਦ ਤੂ ਬਿਸੀਆਰ ਤੂ ਧਨੀ॥ | Thou art the river, Thou the Giver and Thou art exceedingly wealthy. | ਤੂ ਦਰਿਆ ਹੈ। ਤੂ ਦਾਤਾ ਹੈ ਅਤੇ ਤੂੰ ਹੀ ਮਹਾਂ ਮਾਲਦਾਰ ਹੈ। |
| ਦੇਹਿ ਲੇਹਿ ਏਕੁ ਤੂ ਦਿਗਰ ਕੋ ਨਹੀ ॥ ੨ ॥ | Thou alone givest and takest. There is not another. | ਕੇਵਲ ਤੂੰ ਹੀ ਦਿੰਦਾ ਅਤੇ ਲੈਂਦਾ ਹੈ ਹੋਰ ਦੂਜਾ ਕੋਈ ਨਹੀਂ। |
| ਤੂੰ ਦਾਨਾ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ ॥ | Thou art wise. Thou art the seer. What coneption can I form of Thee. | ਤੂੰ ਸਿਆਣਾ ਹੈ। ਤੂੰ ਹੀ ਦੇਖਣ ਵਾਲਾ ਹੈ। ਮੈਂ ਤੇਰਾ ਕੀ ਧਿਆਨ ਧਾਰ ਸਕਦਾ ਹਾਂ ? |
| ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ ॥ ੩ ॥ ੧ ॥੨ ॥ | O God, the Lord of Nama, Thou art the Pardoner. | ਨਾਮੇ ਦੇ ਸਾਹਿਬ ਹੇ ਵਾਹਿਗੁਰੂ ! ਤੂ ਮਾਫੀ ਦੇਣਹਾਰ ਹੈ। |

ਹਰਿਭਜਨ ਸਿੰਘ

# ਤਿਲੰਗ

**ਵਾਦੀ** : ਗ ॥ **ਸੰਵਾਦੀ** : ਨੀ ॥ **ਸਮਾਂ** : ਦਿਨ ਦਾ ਤੀਜਾ ਪਹਿਰ ॥ **ਥਾਟ** : ਖਮਾਜ਼

**ਜਾਤੀ** : ਔਡਵ - ਔਡਵ ॥ 'ਰੇ' ਤੇ 'ਧ' ਵਰਜਿਤ ਦੋਵੇਂ ਨਿਸ਼ਾਦ ॥ **ਮੁੱਖ ਅੰਗ** : ਨ ਸ ਗ ਮ ਪ, ਨੁ ਪ, ਗ ਮ ਗ ਸ ॥

**ਆਰੋਹ** : ਸ ਗ ਮ ਪ ਨ ਸੰ ॥ **ਅਵਰੋਹ** : ਸੰ ਨੁ ਪ ਮ ਗ ਸ ॥

**ਸੁਰ ਵਿਸਥਾਰ** : ਸ ਗ, ਗ ਮ ਪ, ਨੁ ਗ ਮ ਗ, ਨੁ ਨੁ ਪ, ਗ ਮ ਪ, ਨ ਸੰ, ਸੰ ਨੁ ਨੁ ਪ, ਗ ਮ ਗ, ਪ ਗ ਮ ਗ, ਸ ॥

**ਤਾਲ : ਕਹਿਰਵਾ**

| 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | | | |
| x | | | | 0 | | | | x | | | | 0 | | | |
| – | ਸ | ਗ | ਗ | ਮ | – | ਪ | – | – | ਮੰ | ਪ | ਪ | ਮ | – | ਗ | – |
| s | ਮਿ | ਹ | ਰ | ਵਾ | s | ਨੁ | s | s | ਸਾ | ਹਿ | ਬ | ਮਿਹ | ਰ | ਵਾ | ਨੁ |
| s | ਜੀਅ | s | ਸ | ਗ | ਲ | ਕਉ | s | s | ਦੇਇ | s | s | ਦਾ | s | s | ਨੁ |
| – | ਨ | ਸੰ | ਸੰ | ਨੁ | ਪ | ਗ | ਮ | – | ਨੁ | ਪ | ਮ | ਗ | – | – | – |
| s | ਸਾ | ਹਿ | ਬੁ | ਮੇ | s | ਰਾ | s | s | ਮਿਹ | s | ਰ | ਵਾ | s | s | ਨੁ |
| s | ਸਾ | ਹਿ | ਬੁ | ਮੇ | s | ਰਾ | s | s | ਮਿਹ | s | ਰ | ਵਾ | s | s | ਨੁ |
| **ਅੰਤਰਾ** | | | | | | | | | | | | | | | |
| – | ਨ | ਨ | ਨ | ਸੰ | – | ਸੰ | – | – | ਪ | ਨ | ਨ | ਸੰ | – | ਸੰ | ਸੰ |
| s | ਤੂ | ਕਾ | ਹੇ | ਡੋ | s | ਲੇ | s | s | ਪ੍ਰਾ | s | ਣੀ | ਆ | s | ਤੁ | ਧੁ |
| – | ਨ | ਸੰ | ਸੰ | ਨੁ | ਪ | ਗ | ਮ | ਨੁ | ਪ | – | – | ਮ | – | ਗ | – |
| s | ਰਾ | ਖੈ | ਗਾ | ਸਿ | ਰ | ਜ | ਣ | ਹਾ | s | s | s | s | s | ਰੁ | s |
| – | ਸੰ | ਗੰ | ਗੰ | ਮੰ | – | ਪੰ | ਪੰ | – | ਮੰ | ਪੰ | ਪੰ | ਮੰ | – | ਗੰ | – |
| s | ਜਿ | ਨ | ਪੈ | ਦਾ | s | ਇ | ਸਿ | s | ਤੂ | s | ਕੀ | ਆ | s | s | s |
| – | ਗੰ | ਸੰ | ਸੰ | ਨੁ | ਪ | ਗ | ਮ | ਨੁ | ਪ | – | – | ਮ | – | ਗ | – |
| s | ਸੋ | s | ਈ | ਦੇਇ | s | ਆ | s | ਧਾ | s | s | s | s | s | ਰੁ | s |

**ਤਾਲ : ਦਾਦਰਾ**

| 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|
| **ਸਥਾਈ** | | | | | | | | | | | |
| x | | | 0 | | | x | | | 0 | | |
| ਸੰ | ਨੁ | ਪ | ਗ | – | ਮ | ਪ | – | ਪ | ਪ | ਗ | ਮ |
| ਮੈਂ | ਅੰ | ਧੁ | ਲੇ | s | ਕੀ | ਟੇ | s | ਕ | ਤੇ | ਰਾ | s |
| ਮੈਂ | s | ਗ | ਗੀ | s | ਬ | ਮੇ | s | ਮਸ | ਕੀਨ | ਤੇ | ਰਾ |
| ਪ | ਨੁ | ਨੁ | ਨੁ | ਮ | ਪ | ਸੰ | – | ਨੁ | ਪ | ਗ | ਮ |
| ਨਾ | s | ਮੁ | ਖੁੰ | s | ਦ | ਕਾ | s | ਰਾ | s | s | s |
| ਨਾ | s | ਮ | ਹੈ | s | ਆ | ਧਾ | s | ਰਾ | s | s | s |
| ਸੰ | ਨ | ਪ | ਗ | – | ਮ | ਨੁ | ਪ | ਪ | ਮ | ਪ | – |
| ਮੈਂ | ਅੰ | ਧ | ਲੇ | s | ਕੀ | ਟੇ | s | ਕ | ਤੇ | s | ਰਾ |
| **ਅੰਤਰਾ** | | | | | | | | | | | |
| ਗ | ਗ | ਮ | ਪ | ਨ | ਨ | ਸੰ | – | ਨ | ਸੰ | – | ਪ |
| ਕ | ਰੀ | s | ਮਾ | s | ਰ | ਹੀ | s | s | ਮਾ | s | ਅ |
| ਨ | – | ਨ | ਸੰ | ਨ | ਸੰ | ਪਨ | ਸੰਰੰ | ਸੰ | ਨੁ | ਪ | ਮ |
| ਲਾ | s | ਹ | ਤੂ | s | ਗ | ਨੀs | ss | s | s | s | s |
| ਗੰ | – | ਮੰ | ਗੰ | ਸੰ | ਨ | ਸੰ | – | ਸੰ | ਨ | ਸੰ | – |
| ਹਾ | s | ਜ | ਰਾ | s | ਹ | ਜੂ | s | ਰਿ | ਦ | ਰ | s |
| ਪ | ਨ | ਨ | ਸੰ | ਨ | ਸੰ | ਪਨ | ਸੰਰੰ | ਸੰਨੁ | ਪਮ | ਗਮ | ਪਨ |
| ਪੇ | s | ਸਿ | ਤੂ | s | ਮ | ਨੀs | ss | ss | ss | ss | ss |

# ਸੰਗੀਤ ਲਿਪੀ ਚਿੰਨ੍ਹ

| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉੱਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ। |
| ਧੁ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉੱਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2,4,9,11 ਕੋਮਲ ਸੁਰ ਹਨ। |
| ਮੰ | ਇਹ ਤੀਬਰ ਮਧਿਅਮ ਹੈ। ਸੁਰ ਨੰ: 7 ਤੀਬਰ ਮਧਿਅਮ ਹੈ। |
| ਪ਼/.ਧ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ। |
| ਸਂ/ਪਂ | ਜਿਨ੍ਹਾਂ ਸੁਰਾਂ ਦੇ ਉੱਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ। |
| ਪ - | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (–) ਹਨ ਉਸ ਨੂੰ ਉਤਨੀਆਂ ਮਾਤਰਾਂ ਤੱਕ ਗਾਉਣਾ ਹੈ। |
| ਬਾਂs | ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ। |
| ਧਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ। |
| $ਮ_{ਪ}$ | ਜਿਹੜਾ ਸੁਰ ਕਿਸੇ ਸੁਰ ਦੇ ਉੱਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ। |

**XO123 X ਸਮ, 0 ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ।**



# ਗੁਰਮੁਖ ਢੂਢ ਢੂਢੇਦਿਆਂ

**( Free Matrimonial Service )**

**SUITABLE** match for Jat Sikh Girl (DOB- 3.3.74, 166 cms.), MA (Psychology), UGC National Eligibility Test for Lecturership cleared, getting UGC Research Fellowship and doing Research for Ph.D. Convent educated. Father Prof. in Punjab University, mother retired Lecturer. ***Box : 0074***

**WANTED** well settled Gursikh match from Arora/Khatri family, preferably Jalandhar/ Ludhiana, for Arora Sikh Girl (24, 155cms.), slim Graduate and Diploma in Computer. ***Box : 0075***

**SUITABLE** non-trimmer, non-drinker match for Arora Sikh Girl (24, 5'-1.3/4"), slim, BA, Diploma in Architectural Assistanceship (3 years). Computer Course - one year 'O' Level. doing MA (Part I) and Kirtan knowing. Parents are Govt. pensioners. Forefathers migrated from Sargodha/Lyallpur. Preferred Jalandhar and Ludhiana. ***Box : 0076***

**SUITABLE** match for Khatri Girl (38, 5'-2"), BA, BEd., beautiful, fair, slim and well mannred. Employed as permanent teacher in Govt. School. Father retired Defence Officer and brothers well employed. ***Box : 0077***

**SUITABLE** match for Arora Boy (DOB- 30.9.68, 5'-11"), very fair, BE (Electrical) & MBA, having his own well established Business. Father SE/Punjab Govt. ***Box : 0078***

**SUITABLE** non-trimmer, teetotaller, religious match for Convent educated, Postgraduate, Engineer Khatri Girl (25, 5'-6") of sophisticated cultured family. Employed as System Analyst in Software Co. ***Box : 0079***

**SUITABLE** Gursikh match upto 50 years for 50+/ 5'-4" healthy, financially secure, broadminded, educated, adjustable, status issueless, widower, issue if any acceptable. ***Box : 0080***

**SUITABLE** Gursikh match (Amritdhari not necessary) from Arora/Khatri family belonging to Punjab, preferably Jalandhar and around, well settled in service, good business, for Arora Sikh Girl (DOB- 9.12.74, 155 cms.), Graduate, slim, fair having sharp features. Appeared in Computer Diploma 'O' Level, Delhi University, studying MA. The only daughter of her parents, both Govt. retired/pensioners. ***Box : 0081***

**GURSIKH** match for an Amritdhari middle class Chowdhry Boy (25, 5'-9"), ITI Diploma undergraduate in Electronic Spareparts Business in Nabha. ***Box : 0082***

**WANTED** a Gursikh match for Amritdhari Arora Girl (25, 5'-5"). MCom, MFC. DISM. one year Computer Course. ***Box : 0083***

**SUITABLE** match for Dhaliwal Graduate Girl (DOB- 1.1.72, 5'-2"), sharp features, fair, beautiful & charming personality, with Specs, well versed in Homely affairs, presently employed in a reputed organisation. Father working in Punjab Govt. Corpn. ***Box : 0084***

**SUITABLE** match for Chopra Girl (DOB- 18.9.73, 5'-2"), Convent educated, MSc (I Div.), Computer Course, doing MEd. Father retired Add. Excise Com., settled in Ropar. ***Box : 0085***

**GURSIKH** match for fair, slim, smart, sober, intelligent, well versed in Household affairs, Graduate Girl (26+, 5'-4"), family from Jhelum (West Pakistan) now settled at Mohali. Father in Govt. service. ***Box : 0086***

**SUITABLE** match for Amritdhari Girl (23, 5'-2"), BEMS, 4years Electropathy Medical Course, practising in Nursing Home, expert in Household activities. Dowry seekers, please excuse. ***Box : 0087***

**Contact : Sardar Harbhajan Singh #1246, Sector : 22 B, Chandigarh**

EXQUISITE

Multicuisine at Meals

**Hot millions**

*Salad Bar & Restaurants*



**Serving Indian, Chinese, Continental & Italian Food**
**with a regular Indian & Salad Buffet**
**Special Arrangements for Birthday & Kitty parties**
**& Exciting Gifts too.**

**FOR HOME DELIVERY CALL CHD 713232, 721844, 721287 PKL 569156, 581619**

*With compliments from*

*Harbux Singh*

**TOP ENTERPRISES**

• ENGINEERS • MANUFACTURERS
• SUPPLIERS

***Specialist in :***

HIGH CLASS SIMOGHA & ALL-GEARED LATHE MACHINES

***Office & Works :***

Opp. Telegraph Office, Cinema Road,
BATALA 143 505 ( Punjab ) India

*With compliments from*

Bakhshish Singh

**VIKRAM OVERSEAS LTD.**

GOVERNMENT RECOGNISED EXPORT HOUSE

**Unit I : E-44/3, Okhla Industrial Area Phase-II,**
**New Delhi 110 020 (India)**
**Phone: 6910773, 6910099, 6914039, 6836277**
**Fax: 91 - 11 -6841875**

**Unit II : B-83, Okhla Industrial Area Phase-II,**
**New Delhi 110 020 (India)**
**Phone: 6911186, 6841059, 6929834**

**Unit III : D-5/2, Okhla Industrial Area Phase-II,**
**New Delhi 110 020 (India)**
**Phone: 6916545**

# ਕੀਰਤਨ ਕਲਾਸਾਂ

ਹੇਠ ਲਿਖੇ ਸਥਾਨਾਂ ਤੇ ਕੀਰਤਨ ਕਲਾਸਾਂ ਲਗਾਈਆਂ ਜਾਂਦੀਆਂ ਹਨ। ਚਾਹਵਾਨ ਵਿਅਕਤੀ ਸੰਪਰਕ ਕਰਕੇ ਲਾਭ ਉਠਾ ਸਕਦੇ ਹਨ।

- ਗੁਰਦੁਆਰਾ ਸਾਹਿਬ, ਸੈਕਟਰ 34, ਚੰਡੀਗੜ੍ਹ
- ਗੁਰੂ ਨਾਨਕ ਬਾਲ ਆਸ਼ਰਮ, ਨੇੜੇ ਰਾਮਗੜ੍ਹੀਆ ਭਵਨ, ਸੈਕਟਰ 27, ਚੰਡੀਗੜ੍ਹ
- ਉਜਲ ਸਿੰਘ ਮਦਾਨ, 1470, ਸੈਕਟਰ 43-ਬੀ, ਚੰਡੀਗੜ੍ਹ
- ਗੁਰਦੁਆਰਾ ਸਾਚਾ ਧੰਨ, ਫੇਜ਼ 3-ਬੀ-1, ਮੁਹਾਲੀ
- ਗਿ : ਕਸ਼ਮੀਰ ਸਿੰਘ , 1612, ਫੇਜ਼-7, ਮੁਹਾਲੀ
- ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਮਾਡਲ ਟਾਊਨ ਐਕਸਟੇਨਸ਼ਨ, ਲੁਧਿਆਣਾ
- ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਕਲਾਂ, ਲੁਧਿਆਣਾ
- ਸੰਗੀਤ ਭਾਰਤੀ, 99 ਬੀ, ਸ਼ਾਸਤਰੀ ਨਗਰ, ਲੁਧਿਆਣਾ
- ਗੁਰਦੁਆਰਾ ਦਸ਼ਮੇਸ਼ਗੜ੍ਹ ਵੀਰੋਵਾਲ, ਜ਼ਿਲ੍ਹਾ : ਨਵਾਂ ਸ਼ਹਿਰ
- ਨੀਲਮ ਸੰਗੀਤ ਮੰਦਰ, ਪੰਡੋਰਾ ਮੁਹੱਲਾ, ਨਵਾਂ ਸ਼ਹਿਰ
- ਪੰਜਾਬ ਐਂਡ ਸਿੰਧ ਬੈਂਕ ਕੀਰਤਨ ਅਕੈਡਮੀ, ਗਰੀਨ ਪਾਰਕ, ਜਲੰਧਰ
- ਬਾਵਰਾ ਮਿਊਜ਼ਿਕ ਕਾਲਜ, 20, ਗੁਰੂ ਨਾਨਕ ਨਗਰ (ਮਾਡਲ ਟਾਊਨ), ਜਲੰਧਰ
- ਫਾਈਵ ਸਟਾਰ ਸੰਗੀਤ ਸਭਾ, 276-ਆਰ, ਮਾਡਲ ਟਾਊਨ, ਜਲੰਧਰ
- ਸਿੱਖ ਮਿਸ਼ਨਰੀ ਕਾਲਜ (ਰਜਿ:) ਡਬਲਯੂ. ਜੀ. 578, ਸੂਰਜ ਗੰਜ, ਜਲੰਧਰ
- ਭਾਈ ਵੀਰ ਸਿੰਘ ਹਾਲ, ਲਾਰੰਸ ਰੋਡ, ਅੰਮ੍ਰਿਤਸਰ
- ਹੰਸਪਾਲ ਗੁਰਬਾਣੀ ਸੰਗੀਤ ਅਕੈਡਮੀ 232, ਈਸਟ ਮੋਹਨ ਨਗਰ, ਅੰਮ੍ਰਿਤਸਰ
- ਸਚਦੇਵਾ ਸੰਗੀਤ ਅਕੈਡਮੀ ਗੁਰਦੁਆਰਾ ਰੋਡ, ਮਲੋਟ
- ਮਸਤਾਨਾ ਮਿਊਜ਼ਿਕ ਅਕੈਡਮੀ, ਮਲੋਟ
- ਜੀ. ਐਸ. ਸਰਦਾਰ, 1-98, ਰਾਜਿੰਦਰ ਨਗਰ, ਨਵੀਂ ਦਿੱਲੀ
- ਗੁਰਮਤ ਵਿਦਿਆਲਾ ਗੁ: ਰਕਾਬ ਗੰਜ, ਨਵੀਂ ਦਿੱਲੀ
- ਗੁਰਬਾਣੀ ਸੰਗੀਤ ਅਕੈਡਮੀ, 69/2, ਪੁਡਾਪੁਕਰ ਰੋਡ, ਕਲੱਕਤਾ

Registration No. Chandig h Div./52/98 RNI Regd. No. 46788/89 ISSN-002045

*STATE OF ART HEARING AIDS*
*AVAILABLE IN ALL MODELS*

BONE CONDUCTION SPECTACLE
AIR CONDUCTION SPECTACLE
IN THE CANAL
BEHIND THE EAR
POCKET MODEL
AND
*MANY MORE ATTRACTIVE MODELS*

visit

Dr. PREETI AHUJA

*Sounds*

THE HEARING AID PEOPLE
C - 353, DEFENCE COLONY
NEW DELHI 110 024
PHONE : 011 - 4620485